ਸਤੰਬਰ-2011

# ਸਰੋਕਾਰਾਂ ਦੀ ਆਵਾਜ਼

ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ



## ਆਰਥਿਕ ਸੰਕਟ ਅਤੇ ਮਾਨਵੀ ਬਾਰੂਹਾਂ 'ਤੇ ਖੜ੍ਹਾ ਬੇਚੈਨੀ ਦਾ ਆਲਮ

# Pro-People Arts Project Media Group

"To create self-awareness in our community so that we will elude obscurity, devote to unwavering symbolism, and become sponged into a society that benefits us as a whole.

'Demand identity' and we will become an effective futuristic society.

ਸਮਾਂ ਤੇ ਸਥਿਤੀਆਂ ਆਪਣੇ ਕਿਸਮ ਦੀਆਂ ਚੁਣੌਤੀਆਂ ਮਨੁੱਖ ਦੇ ਸਨਮੁੱਖ ਕਰਦੀਆਂ ਹਨ। ਸੰਵੇਦਨਸ਼ੀਲ ਮਨੁੱਖੀ ਮਨ ਤੇ ਨਜ਼ਰੀਆ ਅਜਿਹੀਆਂ ਚੁਣੌਤੀਆਂ ਨੂੰ ਪਾਰ ਕਰਨ ਦਾ ਜੇਰਾ ਕਰ ਲੈਂਦਾ ਹੈ ਜਿਸ ਦੀ ਸੋਝੀ ਵਿਚ ਇਤਿਹਾਸ ਦੇ ਸ਼ਾਨਦਾਰ ਪੰਨੇ ਦਰਜ ਹੁੰਦੇ ਹਨ। ਇਨ੍ਹਾਂ ਇਤਿਹਾਸਕ ਘਟਨਾਵਾਂ ਵਿਚੋਂ ਮਨੁੱਖ ਕਮਜ਼ੋਰ ਹੋਣ ਦੀ ਥਾਂ ਤਾਕਤਵਰ ਹੋ ਕੇ ਹੀ ਨਿਕਲਦਾ ਹੈ। ਕਿਉਂਕਿ ਮਨੁੱਖ ਹੀ ਅਜਿਹੀ ਸ਼ੈਅ ਹੈ ਜਿਸ ਵਿਚ ਆਲੇ ਦੁਆਲੇ ਨੂੰ ਸਮਝ ਕੇ ਤਬਦੀਲ ਕਰਨ ਦੀ ਜਾਚ ਹੁੰਦੀ ਹੈ ਅਤੇ ਸੁਪਨੇ ਸਾਕਾਰ ਕਰਨ ਦਾ ਬਲ ਹੁੰਦਾ ਹੈ। ਇਸੇ ਕਰਕੇ ਤਾਂ ਕਿਸੇ ਸ਼ਾਇਰ ਨੇ ਕਿਹਾ ਹੈ ਕਿ ਸੁਪਨੇ ਕਦੇ ਵੀ ਮਰਨੇ ਨਹੀਂ ਚਾਹੀਦੇ ਉਨ੍ਹਾਂ ਨੂੰ ਹਕੀਕਤ ਵਿਚ ਬਦਲਣ ਲਈ ਅਸੰਭਵ ਸਮਿਆਂ ਵਿਚ ਸੰਭਵ ਕਾਰਜ ਕਰਨੇ ਚਾਹੀਦੇ ਹਨ।

# ਸਰੋਕਾਰਾਂ ਦੀ ਆਵਾਜ਼

ਸਾਲ 1, ਅੰਕ 2, ਸਤੰਬਰ 2011


ਸੰਪਾਦਕ ਮੰਡਲ

(ਆਨਰੇਰੀ)

ਦਵਿੰਦਰ ਤੂਰ

ਹਰਬੰਸ ਸਿੰਘ

ਸੁਖਵਿੰਦਰ ਸਿੰਘ ਢਿੱਲੋਂ

ਜਸਪ੍ਰੀਤ ਧਾਲੀਵਾਲ

ਸੁਖਦੇਵ ਸਿੰਘ ਸੰਧੂ

ਮਾਸਟਰ ਬਲਬੀਰ ਸਿੰਘ ਗਿੱਲ

ਕੁਲਦੀਪ ਸਿੰਘ

ਬਲਜਿੰਦਰ ਸਿੰਘ

ਗ੍ਰਾਫਿਕਸ ਡਿਜ਼ਾਇਨਰ

ਬੀ. ਸਿੰਘ

akashdeep.1064@gmail.com

ਨੋਟ : ਸੰਪਾਦਕੀ ਮੰਡਲ ਦਾ ਛਪੀਆਂ ਰਚਨਾਵਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।


**Head Office**

**Pro-People Arts Project Media Group**
**SAROKARAN DI AWAZ**
**29 MAPLEVIWE AVE**
**BRAMPTION ONTARIO**
**CANADA L6R 1M2**
416-902-9372
416-817-7142
416-895-4100
E-Mail : ppapmg@gmail.com


## ਸੰਪਾਦਕੀ

# ਆਓ ਹਾਲਾਤਾਂ ਦੇ ਹਾਣੀ ਬਣੀਏ

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਸਥਿਤੀਆਂ ਬਦ ਤੋਂ ਬਦਤਰ ਬਣ ਜਾਂਦੀਆਂ ਨੇ ਉਸ ਸਮੇਂ ਲਗਾਤਾਰ ਕਿਸੇ ਨਾ ਕਿਸੇ ਰੂਪ ਵਿਚ ਮੁਕਾਬਲਤਨ ਸ਼ਾਨਦਾਰ ਵਿਚਾਰਾਂ ਲਈ ਵੀ ਭੋਇ ਤਿਆਰ ਹੁੰਦੀ ਰਹਿੰਦੀ ਹੈ। ਇਨਸਾਨੀ ਫਿਦਰਤ ਵੀ ਇਹ ਹੈ ਕਿ ਉਹ ਹਾਲਾਤ ਨੂੰ ਸਮਝ ਕੇ ਉਸ ਨੂੰ ਤਬਦੀਲ ਕਰਨ ਬਾਰੇ ਸੋਚਣ ਲੱਗਦੀ ਹੈ। ਇਸ ਕਿਸਮ ਦੀ ਪ੍ਰਕਿਰਿਆ ਆਧੁਨਿਕ ਸਮਿਆਂ ਵਿਚ ਦੁਨੀਆ ਦੇ ਹਰੇਕ ਕੋਨੇ ’ਤੇ ਦੇਖੀ ਜਾ ਸਕਦੀ ਹੈ। ਲਾਤੀਨੀ ਅਮਰੀਕਾ ਦੇ ਦੇਸ਼ਾਂ ਵਿਚ ਲੰਬਾ ਸਮਾਂ ਆਪਣੇ ਵਿਚਾਰ ਅਤੇ ਸਮਝ ਨੂੰ ਤਾਕਤਵਾਰ ਬਣਾ ਕੇ ਫਿਦਲ ਕਾਸਤਰੋ ਖੜ੍ਹਾ ਰਿਹਾ। ਹਾਲਾਂਕਿ ਦੁਨੀਆ ਦੀ ਵੱਡੀ ਤਾਕਤ ਨੇ ਉਸ ਨੂੰ ਕਦੇ ਵੀ ਸੁੱਖ ਦੀ ਨੀਂਦ ਸੌਂਣ ਨਹੀਂ ਸੀ ਦਿੱਤਾ। ਦੇਖਦੇ-ਦੇਖਦੇ ਇਤਿਹਾਸ ਨੇ ਐਸੀ ਕਰਵਟ ਲਈ ਕਿ ਵੈਂਨਜ਼ੂਲਾ ਵਿਚ ਚਾਵੇਸ, ਬਾਲੀਵੀਆ ਵਿਚ ਮਾਰੇਲੇ ਨੇ ਇਤਿਹਾਸ ਦਾ ਰੁਖ ਮੋੜ ਦਿੱਤਾ। ਇਸੇ ਤਰ੍ਹਾਂ ਅਰਬ ਦੇਸ਼ ਜੋ ਲੰਬੇ ਸਮਿਆਂ ਤੋਂ ਸੁੱਤੇ ਪਏ ਸਨ ਉਹ ਜਾਗ ਉਠੇ ਅਤੇ ਆਪਣੇ ਦੇਸ਼ ਦੀ ਹੋਣੀ ਦੇ ਆਪ ਮਾਲਕ ਬਣਨ ਲਈ ਉਠ ਖੜ੍ਹੇ ਹੋਏ। ਇਸੇ ਸੰਦਰਭ ਵਿਚ ਥਾਂ ਥਾਂ ਤੋਂ ਸੰਕਟਗ੍ਰਸਤ ਹੋਏ ਭਾਰਤ ਵਿਚ ਵੀ ਲੋਕਾਂ ਨੇ ਕਰਵਟ ਲੈਣੀ ਸ਼ੁਰੂ ਕਰ ਦਿੱਤੀ ਹੈ ਜਿਸ ਦਾ ਰੂਪ ਭ੍ਰਿਸ਼ਟਾਚਾਰ ਵਿਰੋਧੀ ਲਹਿਰ ’ਚੋਂ ਸਾਹਮਣੇ ਆਇਆ ਹੈ। ਸੋ ਇਤਿਹਾਸ ਮੁੜ ਮੰਗ ਕਰਦਾ ਹੈ ਕਿ ਇਕ ਨਵੇਂ ਸਮਾਜ ਦੀ ਸਿਰਜਣਾ ਲਈ ਆਪਣੀ ਤਾਕਤ ਨੂੰ ਜਰਬਾਂ ਦੇਈਏ ਅਤੇ ਇਤਿਹਾਸ ਦੀ ਤੋਰ ਨੂੰ ਆਪਣੇ ਢੰਗ ਨਾਲ ਤੋਰਨ ਦਾ ਜੇਰਾ ਕਰੀਏ। ਇਸ ਦਿਸ਼ਾ ਵਿਚ ਕਦਮ ਪੁੱਟਣ ਹਿੱਤ ਸਾਨੂੰ ਇਹ ਤਹੱਈਆ ਕਰਨਾ ਚਾਹੀਦਾ ਹੈ ਕਿ ਅਸੀਂ ਜਿਸ ਵੀ ਸਥਾਨ ’ਤੇ ਕੰਮ ਕਰਦੇ ਹੋਈਏ ਅਤੇ ਉਸ ਸਥਾਨ ’ਤੇ ਇਕ ਅਜਿਹੀ ਸਮਝਦਾਰੀ ਅਤੇ ਸੋਝੀ ਵਿਕਸਿਤ ਕਰੀਏ ਜਿਸ ਨਾਲ ਵਿਚਾਰਾਂ ਦੀ ਇਕ ਜੰਗ ਛਿੜ ਸਕੇ ਜੋ ਮੁੜ ਇਕ ਤਾਕਤ ਦਾ ਰੂਪ ਅਖ਼ਤਿਆਰ ਕਰ ਸਕੇ। ਅਜੇ ਅਸੀਂ ਮੰਡੀ ਦੀਆਂ ਅਲਾਮਤਾਂ ਨਾਲ ਕਈ ਪਾਸਿਆਂ ਤੋਂ ਘਿਰੇ ਹੋਏ ਹਾਂ ਜਿਸ ਨੇ ਸਾਨੂੰ ਇਕ ਖਪਤੀ ਇਨਸਾਨ ਤੱਕ ਸੰਘੇੜ ਦਿੱਤਾ ਹੈ। ਰੋਜ਼ ਮੰਡੀ ਦੀ ਸੋਚ, ਸਮਝ ਅਤੇ ਵਿਚਾਰਧਾਰਾ ਇਸ ਰੂਪ ਵਿਚ ਸਾਡੇ ਉਪਰ ਹਮਲਾ ਕਰਦੀ ਹੈ। ਸਾਨੂੰ ਕਈ ਵੇਰੀ ਸਮਝ ਨਹੀਂ ਆਉਂਦੀ ਕਿ ਦ੍ਰਿਸ਼ ਧੁੰਦਲਾ ਹੈ ਜਾਂ ਸਾਡੀ ਦ੍ਰਿਸ਼ਟੀ ਵਿਚ ਕੋਈ ਕਾਣ ਹੈ। ਇਸ ਕਾਣ ਨੂੰ ਕੱਢਣ ਲਈ ਵਿਚਾਰਾਂ ਦਾ ਦਾਨ-ਪ੍ਰਦਾਨ ਕਰਨਾ ਅਤੇ ਉਨ੍ਹਾਂ ਨੂੰ ਵਿਕਸਿਤ ਕਰਨਾ ਸਮੇਂ ਦੀ ਅਣਸਰਦੀ ਲੋੜ ਹੈ। ਇਸ ਲੋੜ ਦੀ ਪੂਰਤੀ ਵੱਲ ਪੁੱਟਿਆ ਹਰੇਕ ਕਦਮ ਇਕ ਰੋਸ਼ਨ ਭਵਿੱਖ ਦੀ ਜਾਮਨੀ ਭਰੇਗਾ। ਅਸੀਂ ਆਸ ਕਰਦੇ ਹਾਂ ਕਿ ਆਪਣੀ ਬੌਧਿਕ ਸ਼ਕਤੀ ਨੂੰ ਜਰਬਾਂ ਦੇਈਏ ਅਤੇ ਵਿਗਿਆਨ ਦੀਆਂ ਆਧੁਨਿਕ ਪ੍ਰਾਪਤੀਆਂ ਨੂੰ ਮਨੁੱਖੀ ਸਮਾਜ ਦੇ ਸ਼ਾਨਦਾਰ ਭਵਿੱਖ ਲਈ ਵਰਤੋਂ ਵਿਚ ਲਿਆਈਏ ਤਾਂ ਕਿ ਇਕ ਸ਼ਾਨਦਾਰ ਮਨੁੱਖੀ ਸਮਾਜ ਸਿਰਜਿਆ ਜਾ ਸਕੇ।

- ਦਵਿੰਦਰ ਤੂਰ

# ਭਾਰਤੀ ਸਮਾਜ ਦੀ ਹੋਣੀ ਤੇ ਅਣਹੋਣੀ

ਆਧੁਨਿਕ ਸਮਿਆਂ ਵਿਚ ਚਿਤਵਿਆ ਜਾ ਰਿਹਾ ਸੀ ਕਿ ਮਨੁੱਖੀ ਜੀਵਨ ਇਕ ਉਚ ਪੱਧਰ ਦੀ ਸੋਝੀ ਅਤੇ ਸਮਝਦਾਰੀ ਨਾਲ ਲੈੱਸ ਹੋ ਜਾਵੇਗਾ ਕਿਉਂਕਿ ਮਨੁੱਖ ਦੀਆਂ ਬੁਨਿਆਦੀ ਲੋੜਾਂ ਜਿਨ੍ਹਾਂ ਵਿਚ ਉਸ ਦਾ ਜੀਵਨ ਪਦਾਰਥਕ ਵਸਤੂਆਂ ਤੋਂ ਉਪਰ ਉਠ ਕੇ ਇਕ ਸ਼ਾਨਦਾਰ ਇਨਸਾਨ ਵਿਚ ਬਦਲ ਜਾਵੇਗਾ। ਦੁਨੀਆ ਦੇ ਪੈਮਾਨੇ ’ਤੇ ਪਿਛਲੇ 20 ਸਾਲਾਂ ’ਚ ਕੋਈ ਵੀ ਖੇਤਰ ਅਜਿਹਾ ਨਹੀਂ ਰਿਹਾ ਜਿਸ ਵਿਚ ਪੂੰਜੀ ਦੇ ਫੈਲਾਅ ਨੇ ਉਥੋਂ ਦੀਆਂ ਪੁਰਾਣੀਆਂ ਰੁਹ-ਰੀਤਾਂ, ਮੁੱਲ ਅਤੇ ਕਦਰਾਂ ਕੀਮਤਾਂ ਨਾ ਬਦਲੀਆਂ ਹੋਣ। ਪੁਰਾਤਨ ਕਿਸਮ ਦੀ ਤਕਨੀਕ ਵੀ ਬਦਲ ਗਈ ਹੈ। ਇੰਝ ਕਿਹਾ ਜਾ ਸਕਦਾ ਹੈ ਕਿ ਅੱਜ ਦੀ ਦੁਨੀਆ ਵਿਚ ਮਨੁੱਖ ਆਪਣੇ ਪਦਾਰਥਕ ਲੋੜਾਂ ਦੀ ਪੂਰਤੀ ਤੋਂ ਇਲਾਵਾ ਸੰਗੀਤ, ਸ਼ਾਨਦਾਰ ਸਭਿਆਚਾਰ, ਸ਼ਾਨਦਾਰ ਰਾਜਨੀਤੀ ਅਤੇ ਸ਼ਾਨਦਾਰ ਸਮਾਜਿਕ ਸੇਵਾ ਵਾਲੇ ਗੁਣ ਵੀ ਆਪਣੇ ਵਿਚ ਹਾਸਲ ਕਰ ਸਕਦਾ ਹੈ। ਇਤਿਹਾਸਕਾਰਾਂ ਦੀ ਸੋਝੀ ਅਨੁਸਾਰ ਕਿ ਜਦੋਂ ਵੱਖ ਵੱਖ ਮਨੁੱਖ ਦੀਆਂ ਮੁਢਲੀਆਂ ਲੋੜਾਂ ਦੀ ਪੂਰਤੀ ਹੋ ਜਾਵੇਗੀ ਤਾਂ ਮਨੁੱਖ ਅਸਲ ਵਿਚ ਮਨੁੱਖ ਦਾ ਰੂਪ ਧਾਰਨ ਕਰੇਗਾ। ਉਸ ਵਿਚੋਂ ਪਸ਼ੂ ਵਾਲੀਆਂ ਪ੍ਰਵਿਰਤੀਆਂ ਜੋ ਸਿਰਫ਼ ਖਾਣ ਤੱਕ ਹੀ ਸੀਮਤ ਹੁੰਦੀਆਂ ਹਨ ਉਹ ਨਿਕਲ ਜਾਣਗੀਆਂ। ਉਹ ਆਪਣੀ ਦ੍ਰਿਸ਼ਟੀ ਨੂੰ ਇੰਨੇ ਵਿਸ਼ਾਲ ਕਰ ਲਵੇਗਾ ਕਿ ਉਹ ਜੋ ਵੀ ਸਮਾਜ ਵਿਚ ਚਲ ਰਿਹਾ ਹੈ ਉਸ ਪ੍ਰਤੀ ਆਪਣੀ ਰਾਇ ਪ੍ਰਦਾਨ ਕਰੇਗਾ। ਇਸ ਕਾਰਜ ਵਿਚ ਸਭ ਤੋਂ ਵੱਡੇ ਹਿੱਸੇ ਪੜ੍ਹੇ ਲਿਖੇ ਹਿੱਸੇ ਨੂੰ ਸ਼ਾਮਲ ਕੀਤਾ ਗਿਆ ਕਿ ਉਸ ਦੀ ਲਿਆਕਤ ਅਤੇ ਸੋਝੀ ਇਸ ਪੱਧਰ ਦੀ ਹੁੰਦੀ ਹੈ ਕਿ ਉਹ ਸਮਾਜ ਵਿਚ ਕੀ ਗਲਤ ਹੈ, ਕੀ ਠੀਕ ਹੈ ਉਸ ਨੂੰ ਪਰਖਣ ਅਤੇ ਉਸ ਵਿਚ ਤਬਦੀਲੀ ਲਈ ਕਾਰਜ ਕਰਦਾ ਹੈ, ਇਹ ਵੀ ਜਮਹੂਰੀਅਤ ਵਿਚ ਦਰਜ ਕੀਤਾ ਗਿਆ ਸੀ ਕਿ ਹਰੇਕ ਦੇ ਬਰਾਬਰ ਦੇ ਹੱਕ ਰਾਜ ਵਿਚ ਪ੍ਰਦਾਨ ਕੀਤੇ ਜਾਣਗੇ ਉਸ ਦੇ ਵਿਅਕਤੀਗਤ ਗੁਣਾਂ ਨੂੰ ਹਲਾਰਾ ਮਿਲੇਗਾ।

ਪ੍ਰੰਤੂ ਜਦੋਂ ਅਸੀਂ ਭਾਰਤੀ ਸਮਾਜ ਦੇ ਵੱਖ ਵੱਖ ਪਹਿਲੂਆਂ ਦੀ ਤਸਵੀਰ ਉਪਰ ਨਜ਼ਰ ਮਾਰਦੇ ਹਾਂ ਤਾਂ ਹਰੇਕ ਖੇਤਰ ਬਾਰੇ ਕੁਝ ਕਹਿਣ ਨੂੰ ਦਿਲ ਕਰਦਾ ਹੈ ਪਰ ਇਥੇ ਸਿਰਫ਼ ਭਾਰਤ ਵਿਚ ਬਹਿਸ ਦਾ ਮਸਲਾ ਭ੍ਰਿਸ਼ਟਾਚਾਰ ਉਪਰ ਕੇਂਦਰਤ ਹੈ। ਮੱਧ ਵਰਗ ਜਮਾਤ ਤੋਂ ਲੈ ਕੇ ਰਾਜਨੀਤੀਵਾਨ ਤੇ ਇਥੋਂ ਤੱਕ ਕਿ ਕਾਰਪੋਰੇਟ ਘਰਾਣੇ ਵੀ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੀ ਪ੍ਰਕਿਰਿਆ ਦੇ ਰੌਲੇ ਵਿਚ ਸ਼ਾਮਲ ਹਨ। ਇਸ ਨੂੰ ਸਮਝਣਾ ਬੜਾ ਜ਼ਰੂਰੀ ਹੈ ਕਿ ਕੀ ਭ੍ਰਿਸ਼ਟਾਚਾਰ ਦੇ ਸਵਾਲ ਨੂੰ ਸਿਰਫ਼ ਕਿਸੇ ਲੋਕਪਾਲ ਬਿਲ ਤੱਕ ਹੀ ਸੰਘੇੜ ਦਿੱਤਾ ਜਾਵੇ ਜਾਂ ਭਾਰਤ ਵਿਚ ਪਿਛਲੇ ਦੋ ਦਹਾਕਿਆਂ ਤੋਂ ਸਥਾਪਤ ਹੋਇਆ ਪੂੰਜੀਵਾਦ ਵੀ ਇਸ ਸਵਾਲ ਨਾਲ ਜੋੜ ਲਿਆ ਜਾਵੇ। ਵੱਖ-ਵੱਖ ਰੋਜਮਰਾ ਦੇ ਖੇਤਰਾਂ ਤੋਂ ਲੈ ਕੇ ਸੱਤਾ ਦੇ ਹਰੇਕ ਹਿੱਸੇ ਵਿਚ ਕਿਸੇ ਨਾ ਕਿਸੇ ਰੂਪ ਵਿਚ ਵਸਤੂਆਂ ਦੇ ਵਟਾਂਦਰੇ ਵਿਚ ਕੋਈ ਨਾ ਕੋਈ ਗੈਰ ਕਾਨੂੰਨੀ ਸਰਮਾਇਆਕਾਰੀ ਸ਼ਾਮਲ ਹੋ ਰਹੀ ਹੈ। ਜਿਥੇ



**ਸਿਰੜਤਾ ਦਾ ਪੁੰਜ ਅੰਨਾ ਹਜ਼ਾਰੇ ਇਤਿਹਾਸ ਵਿਚ ਇਕ ਵਾਰੀ ਆਪਣਾ ਨਾਂ ਦਰਜ ਕਰਵਾ ਗਿਆ ਹੈ ਕਿ ਜੇ ਕਿਸੇ ਸਹੀ ਮਸਲੇ ’ਤੇ ਆਪਣੀ ਵਿਅਕਤੀਗਤ ਤਾਕਤ ਨੂੰ ਝੋਕ ਦਿੱਤਾ ਜਾਵੇ ਤਾਂ ਕਈ ਵਾਰੀ ਦਰਿਆਵਾਂ ਦਾ ਵਹਾਅ ਵੀ ਬਦਲ ਜਾਂਦਾ ਹੈ। ਇਸ ਦਿਸ਼ਾ ਵਲ ਕਦਮ ਪੁੱਟਣ ਲਈ ਅੰਨਾ ਹਜ਼ਾਰੇ ਤੋਂ ਇਕ ਕਿਸਮ ਦੀ ਦਿਸ਼ਾ ਹਾਸਲ ਕਰਨੀ ਚਾਹੀਦੀ ਹੈ ਜਿਸ ਨੇ ਭਾਰਤੀ ਸਮਾਜ ਵਿਚ ਕੈਂਸਰ ਦਾ ਰੂਪ ਅਖਤਿਆਰ ਕਰ ਗਈ ਭ੍ਰਿਸ਼ਟ ਪ੍ਰਕਿਰਿਆ ਨੂੰ ਸਮੁੱਚੀ ਦੁਨੀਆ ਅੱਗੇ ਨਸ਼ਰ ਕਰਕੇ ਰੱਖ ਦਿੱਤਾ ਹੈ। ਨੌਜਵਾਨਾਂ ਵਿਚ ਭ੍ਰਿਸ਼ਟਾਚਾਰ ਦੇ ਖਿਲਾਫ਼ ਖੜ੍ਹਨ ਅਤੇ ਲੜਨ ਦੀ ਚਿੰਣਗ ਪੈਦਾ ਕਰ ਦਿੱਤੀ ਹੈ ਜੋ ਕੱਲ੍ਹ ਨੂੰ ਇਨ੍ਹਾਂ ਨੌਜਵਾਨਾਂ ਨੂੰ ਕੁਝ ਨਵਾਂ ਕਰਨ ਦਾ ਬਲ ਬਖਸ਼ੇਗੀ।**

ਜਿੰਨੀ ਕੁ ਜਿਸ ਨੂੰ ਚੀਸ ਲੱਗਦੀ ਹੈ ਉਨਾ ਕੁ ਉਹ ਰੌਲਾ ਪਾ ਦਿੰਦਾ ਹੈ। ਹੁਣ ਅੰਨ੍ਹਾ ਹਜ਼ਾਰੇ ਨੇ ਇਸ ਨੂੰ ਦੇਸ਼ ਦੇ ਪੈਮਾਨੇ ਉਪਰ ਖੜ੍ਹਾ ਕਰ ਦਿੱਤਾ ਹੈ ਅਤੇ ਰਾਜਨੀਤੀਵਾਨਾਂ ਲਈ ਸਵਾਲ ਬਣਾ ਦਿੱਤਾ ਹੈ ਕਿ ਜੇ ਇਸ ਸਮਾਜ ਨੂੰ ਸਹੀ ਢੰਗ ਨਾਲ ਚਲਾਉਣਾ ਹੈ ਤਾਂ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣੀ ਬੜੀ ਜ਼ਰੂਰੀ ਹੈ। ਅੰਨ੍ਹਾ ਹਜ਼ਾਰੇ ਇਸ ਨੂੰ ਅਜ਼ਾਦੀ ਦੀ ਦੂਸਰੀ ਲੜਾਈ ਦਾ ਨਾਂ ਦੇ ਰਹੇ ਹਨ। ਉਨ੍ਹਾਂ ਦੀ ਦਲੀਲ ਵਿਚ ਕਿਸੇ ਵੀ ਕਿਸਮ ਨਾਲ ਆਧੁਨਿਕ ਪੂੰਜੀਵਾਦ ਦੀ ਚਲਨ ਪ੍ਰਕਿਰਿਆ ਉਪਰ ਕੋਈ ਵੱਡਾ ਗਿਲਾ ਨਹੀਂ ਹੈ। ਬਲਕਿ ਕਿਸੇ ਨਾ ਕਿਸੇ ਰੂਪ ਵਿਚ ਕਾਰਪੋਰੇਟ ਦੇ ਵੱਡੇ ਘਰਾਣੇ ਵੀ ਇਸ ਲਹਿਰ ਦੀ ਮਦਦ ਕਰ ਰਹੇ ਹਨ। ਜਮਹੂਰੀਅਤ ਨੂੰ ਸਹੀ ਢੰਗ ਨਾਲ ਚਲਾਉਣ ਅਤੇ ਇਸ ਵਿਚ ਪੂੰਜੀਵਾਦ ਸਹੀ ਢੰਗ ਨਾਲ ਪਣਪ ਸਕੇ ਇਸ ਪ੍ਰਤੀ ਅੰਨ੍ਹਾ ਹਜ਼ਾਰੇ ਨੂੰ ਕੋਈ ਗਿਲਾ ਨਹੀਂ ਪ੍ਰੰਤੂ ਸਵਾਲ ਇਸ ਤੋਂ ਵੀ ਵੱਡਾ

ਹੈ ਕਿ ਜਿਸ ਕਿਸਮ ਨਾਲ ਸੱਤਾ ਉਪਰ ਬਿਰਾਜਮਾਨ ਹਿੱਸੇ ਅਤੇ ਸੱਤਾ ਤੋਂ ਬਾਹਰ ਦੇ ਹਿੱਸੇ ਭ੍ਰਿਸ਼ਟਾਚਾਰ ਦੇ ਸਵਾਲ ਨੂੰ ਸੰਬੋਧਨ ਹੋ ਰਹੇ ਹਨ ਉਹ ਵੀ ਸੋਚਣ ਦਾ ਸਵਾਲ ਹੈ ਕਿਉਂਕਿ ਬਹੁਗਿਣਤੀ ਉਹ ਹਿੱਸੇ ਹੀ ਹਨ ਜੋ ਇਸ ਵੇਲੇ ਸੱਤਾ ਤੋਂ ਬਾਹਰ ਹਨ ਅਤੇ ਇਸ ਮੁੱਦੇ ਰਾਹੀਂ ਸੱਤਾ ਉਪਰ ਕਾਬਜ਼ ਹੋਣ ਦੀ ਇੱਛਾ ਪਾਲੀ ਬੈਠੀ ਹਨ। ਉਨ੍ਹਾਂ ਦਾ ਤੱਤ ਰੂਪ ਵਿਚ ਇਹੀ ਏਜੰਡਾ ਹੈ। ਦੂਸਰੇ ਪਾਸੇ ਕਈ ਕਿਸਮ ਦੇ ਪਿਛਲੇ ਦਹਾਕਿਆਂ ਵਿਚ ਸਥਾਪਤ ਹੋਏ ਬਾਬੇ ਜਿਨ੍ਹਾਂ ਵਿਚ ਰਾਮਦੇਵ, ਸ੍ਰੀ ਸ੍ਰੀ ਆਦਿ ਵੀ ਭ੍ਰਿਸ਼ਟਾਚਾਰ ਨੂੰ ਇਕ ਸਮਾਜਿਕ ਮਸਲਾ ਬਣਾ ਕੇ ਰਾਜਨੀਤਕ ਖੇਤਰ ਵੱਲ ਨੂੰ ਕਦਮ ਪੁੱਟ ਰਹੇ ਹਨ। ਇਹ ਭਾਰਤੀ ਸਮਾਜ ਦੀ ਅਣਹੋਣੀ ਹੀ ਸਮਝਣੀ ਚਾਹੀਦੀ ਹੈ ਕਿ ਬਹੁਗਿਣਤੀ ਸਮਾਜਿਕ ਮਸਲੇ ਜਿਨ੍ਹਾਂ ਵਿਚ ਵਾਤਾਵਰਣ ਦਾ ਸਵਾਲ, ਜਾਤੀ ਵਿਤਕਰੇ ਦਾ ਸਵਾਲ, ਸਿਹਤ ਸਹੂਲਤਾਂ ਦਾ ਸਵਾਲ ਅਤੇ ਸਿੱਖਿਆ ਦਾ ਸਵਾਲ ਵੱਖ ਵੱਖ ਸਮਾਜ ਵਿਚ ਬਣੇ ਆਜ਼ਾਦ ਗਰੁੱਪਾਂ, ਧਾਰਮਿਕ ਪਿਛੋਕੜ ਵਾਲੇ ਹਿੱਸਿਆਂ ਅਤੇ ਟੇਢੇ ਢੰਗ ਨਾਲ ਰਾਜਨੀਤੀ ਵਿਚ ਸ਼ਾਮਲ ਹੋਣ ਵਾਲੇ ਹਿੱਸਿਆਂ ਵਲੋਂ ਉਠਾਇਆ ਜਾ ਰਿਹਾ ਹੈ ਅਤੇ ਆਪਣੇ ਮੁਤਾਬਕ ਇਸ ਨੂੰ ਹੱਲ ਕਰਨ ਲਈ ਸੁਝਾਅ ਦਿੱਤੇ ਹਨ ਜਿਸ ਕਿਸਮ ਦਾ ਨੈਤਿਕ, ਸਭਿਆਚਾਰਕ ਅਤੇ ਕਦਰਾਂ ਕੀਮਤਾਂ ਦੇ ਮੁੱਲਾਂ ਵਿਚ ਗਿਰਾਵਟ ਆਈ ਹੈ ਉਸ ਨੇ ਮੱਧ ਵਰਗ ਨੂੰ ਜਾਂ ਤਾਂ ਇਸ ਵਿਚ ਸ਼ਾਮਲ ਕਰ ਲਿਆ ਹੈ ਜਾਂ ਫਿਰ ਉਨ੍ਹਾਂ ਦੀ ਨੈਤਿਕ ਆਵਾਜ਼ ਸਮਾਜ ਵਿਚ ਜੋ ਗਲਤ ਹੋ ਰਿਹਾ ਹੈ ਉਸ ਪ੍ਰਤੀ ਉਠ ਰਹੀ ਹੈ ਫਿਰ ਵੀ ਬਹੁਗਿਣਤੀ ਕਿਸੇ ਨਾ ਕਿਸੇ ਰੂਪ ਵਿਚ ਰੋਜ਼ਮਰਾ ਦੀ ਜੀਵਨ ਜਾਂਚ ਵਿਚ ਕਿਸੇ ਨਾ ਕਿਸੇ ਮਸਲੇ ਤੋਂ ਪੀੜਤ ਹੈ। ਇਸ ਪੀੜਾ ਦੇ ਇਲਾਜ ਲਈ ਹੋਰ ਕਈ ਪਹਿਲੂਆਂ ਬਾਰੇ ਸੋਚਣ ਦੀ ਜ਼ਰੂਰਤ ਹੈ। ਬਹਿਸ ਜਿਸ ਸਵਾਲ ਉਪਰ ਕੇਂਦਰਿਤ ਹੋਣੀ ਚਾਹੀਦੀ ਹੈ ਉਹ ਹੋ ਨਹੀਂ ਰਹੀ। ਉਹ ਸਵਾਲ ਇਹ ਹੈ ਕਿ ਜਿਥੇ ਵੀ ਨਿੱਜੀ ਰੂਪ ਵਿਚ ਸਰਮਾਇਆਕਾਰੀ ਵਿਕਸਿਤ ਹੁੰਦੀ ਹੈ ਅਤੇ ਆਪਣੇ ਢੰਗ ਦੀ ਮੰਡੀ ਨੂੰ ਸਥਾਪਤ ਕਰਦੀ ਹੈ ਮੁੜ ਕੇ ਉਸ ਮੰਡੀ ਦੇ ਕਾਇਦੇ ਕਾਨੂੰਨ ਹੁੰਦੇ ਹਨ ਕਿ ਮਨੁੱਖ ਤੋਂ ਲੈ ਕੇ ਹਰ ਸ਼ੈਅ ਵਸਤੂ ਬਣ ਜਾਂਦੀ ਹੈ। ਮਾਨਵੀ ਰਿਸ਼ਤੇ ਵੀ ਵਸਤੂਆਂ ਦੇ ਵਟਾਂਦਰੇ ਵਿਚ ਸ਼ਾਮਲ ਹੋ ਜਾਂਦੇ ਹਨ। ਇਕ ਪੂੰਜੀ ਦੇ ਸਮਾਜ ਵਾਲਾ ਮਨੁੱਖ ਸਿਰਫ਼ ਤੇ ਸਿਰਫ਼ ਵਸਤੂਆਂ ਨੂੰ ਇਕੱਤਰ ਕਰਨ ਦੀ ਲਲਕ ਦੇ ਪਿਛੇ ਹੀ ਦੌੜਦਾ ਹੈ। ਇਸ ਲਈ ਉਹ ਕੋਈ ਵੀ ਢੰਗ ਅਪਣਾ ਸਕਦਾ ਹੈ। ਇਹ ਪ੍ਰਕਿਰਿਆ ਪਛੜੇ ਹੋਏ ਦੇਸ਼ਾਂ ਦੇ ਵਿਕਾਸ ਮਾਡਲਾਂ ਵਿਚ ਬੜੀ ਉਭਰਵੇਂ ਰੂਪ ਵਿਚ ਸਾਹਮਣੇ ਆਈ ਹੈ ਜਿਸ ਦਾ ਸਪਸ਼ਟ ਰੂਪ ਭਾਰਤੀ ਸਮਾਜ ਦੀ ਹਰੇਕ ਪਰਤ ਵਿਚ ਭ੍ਰਿਸ਼ਟਾਚਾਰ ਵਟਾਂਦਰੇ ਦਾ ਹਿੱਸਾ ਬਣ ਗਿਆ ਹੈ। ਮੰਡੀ ਦੇ ਸਮਾਜ ਦੀਆਂ ਪਰਤਾਂ ਵਿਚ ਇਹ ਸ਼ਾਮਲ ਹੋ ਗਿਆ ਹੈ। ਅਜੇ ਵੀ ਕਿਸੇ ਰੂਪ 'ਚ ਇਹ ਸਵਾਲ ਨਹੀਂ ਉਠ ਰਿਹਾ ਕਿ ਜਿਸ ਕਿਸਮ ਨਾਲ ਭਾਰਤੀ ਸਮਾਜ ਵਿਚ ਆਰਥਿਕ ਖੇਤਰ ਦੇ ਬਦਲਾਅ ਕੀਤੇ ਗਏ ਹਨ ਇਨ੍ਹਾਂ ਬਦਲਾਵਾਂ ਨੂੰ ਅਮਲੀ ਰੂਪ ਪਹਿਨਾਉਣ ਵਾਲੇ ਰਾਜਨੀਤਕ ਹਿੱਸੇ ਕਿਸ ਕਿਸਮ ਦੀਆਂ ਕਦਰਾਂ ਕੀਮਤਾਂ ਦੇ ਮਾਲਕ ਹਨ ਅਤੇ ਕਿਸ ਕਿਸਮ ਦੇ ਉਨ੍ਹਾਂ ਦੇ ਸਰੋਕਾਰ ਹਨ। ਉਨ੍ਹਾਂ ਲਈ ਵੀ ਰਾਜਨੀਤੀ ਸਿਰਫ਼ ਤੇ ਸਿਰਫ਼ ਇਕ ਧੰਦਾ ਹੈ। ਜਿਵੇਂ ਵੱਖ ਵੱਖ ਹਿੱਸਿਆਂ ਦਾ ਆਪਣੇ ਕੰਮਕਾਰ ਦਾ ਧੰਦਾ ਹੁੰਦਾ ਹੈ। ਫਰਕ ਸਿਰਫ਼ ਇੰਨਾ ਹੈ ਕਿ ਇਸ ਧੰਦੇ ਵਿਚ ਉਨ੍ਹਾਂ ਦੀਆਂ ਵਸਤੂਆਂ ਆਮ ਲੋਕ ਹੁੰਦੇ ਹਨ ਜਿਹੜੇ ਉਨ੍ਹਾਂ ਦੀ ਲੁੱਟ ਦਾ ਹਿੱਸੇ ਬਣਦੇ ਹਨ। ਰਾਜਕੀ ਖੇਤਰ ਦੁਆਰਾ ਸਥਾਪਤ ਮੁੱਲਾਂ ਵਿਚ ਭ੍ਰਿਸ਼ਟਾਚਾਰ ਦਾ ਰੂਪ ਤਾਂ ਪਾਰਲੀਮੈਂਟ ਦੀ ਬਣਤਰ ਅਤੇ ਰਾਜ ਸਰਕਾਰਾਂ ਦੇ ਟੁੱਟਣ ਅਤੇ ਬਣਨ ਸਮੇਂ ਖਰੀਦੀਆਂ ਜਾਂਦੀਆਂ ਵੋਟਾਂ ਤੇ ਨੋਟਾਂ ਰਾਹੀਂ ਦੇਖਿਆ ਜਾ ਸਕਦਾ ਹੈ।

ਜਿਸ ਕਦਰ ਅੰਨਾ ਹਜ਼ਾਰੇ ਨੇ ਭਾਰਤੀ ਜਮਹੂਰੀਅਤ ਨੂੰ ਸਮੁੱਚੇ ਭਾਰਤੀ ਸਮਾਜ ਅੱਗੇ ਨਸ਼ਰ ਕਰ ਦਿੱਤਾ ਹੈ ਕਿ ਲੋਕਾਂ ਦੀ ਤਾਕਤ ਅਤੇ ਉਸ ਰਾਹੀਂ ਕਿਸ ਕਦਰ ਜਥੇਬੰਦਕ ਹੋ ਕੇ ਲਗਾਤਾਰ ਪਹਿਰੇਦਾਰੀ ਕਰਨੀ ਪੈਂਦੀ ਹੈ। ਅੰਨਾ ਹਜ਼ਾਰੇ ਦੀ ਇਸ ਲਹਿਰ ਪ੍ਰਤੀ ਕਈ ਕਿੰਤੂ ਪ੍ਰੰਤੂ ਹੋ ਸਕਦੇ ਹਨ ਪਰ ਇਕ ਗੱਲ ਸਾਫ਼ ਤੇ ਸਪਸ਼ਟ ਹੈ ਕਿ ਜਿਸ ਦ੍ਰਿੜਤਾ ਨਾਲ ਇਸ ਨੂੰ ਅੰਨਾ ਹਜ਼ਾਰੇ ਦੀ ਅਗਵਾਈ ਵਿਚ ਲੜਿਆ ਗਿਆ ਉਸ ਕਾਰਨ ਹੀ ਸੰਭਵ ਹੋ ਸਕਿਆ ਕਿ ਭਾਰਤ ਦੀਆਂ ਸਮੁੱਚੀਆਂ ਰਾਜਨੀਤਕ ਪਾਰਟੀਆਂ ਭ੍ਰਿਸ਼ਟਾਚਾਰ ਦੇ ਸਵਾਲ ਉਪਰ ਲੋਕਪਾਲ ਬਣਾਉਣ ਲਈ ਰਾਜ਼ੀ ਹੋਈਆਂ ਅਤੇ ਹਰ ਇਕ ਰਾਜਨੀਤਕ ਪਾਰਟੀ ਦਾ ਦ੍ਰਿਸ਼ਟੀਕੋਣ ਵੀ ਲੋਕਾਂ ਸਾਹਮਣੇ ਆਇਆ ਕਿ ਭ੍ਰਿਸ਼ਟਾਚਾਰ ਦੇ ਸਵਾਲ 'ਤੇ ਸਮੁੱਚੀਆਂ ਰਾਜਨੀਤਕ ਪਾਰਟੀਆਂ ਵੀ ਕੋਈ ਵੱਡਾ ਕਦਮ ਉਠਾਉਣ ਤੋਂ ਗੁਰੇਜ਼ ਕਰਦੀਆਂ ਹਨ। ਹਾਲਾਂਕਿ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਇਸ ਲੋਕਪਾਲ




ਬਿੱਲ ਨੂੰ ਕਿਸ ਕਦਰ ਤਾਕਤਵਰ ਬਣਾਇਆ ਜਾਂਦਾ ਹੈ ਇਸ ਉਪਰ ਪਹਿਰਾਦਾਰੀ ਰੱਖਣੀ ਭਵਿੱਖ ਦਾ ਕਾਰਜ ਹੋਵੇਗਾ। ਇਕ ਗੱਲ ਇਸ ਸੰਘਰਸ਼ ਨੇ ਸਿੱਧ ਕਰ ਦਿੱਤੀ ਹੈ ਕਿ ਜਿਸ ਕਿਸਮ ਦਾ ਵਿਕਾਸ ਮਾਡਲ ਭਾਰਤ ਵਿਚ ਅਪਣਾਇਆ ਗਿਆ ਉਸ ਨਾਲ ਸ਼ਹਿਰੀ ਹਿੱਸੇ ਵਿਚ ਲਗਾਤਾਰ ਬੇਚੈਨੀ ਵੱਧ ਰਹੀ ਹੈ। ਹਾਲਾਂਕਿ ਇਹ ਬੇਚੈਨੀ ਸਿਰਫ਼ ਭ੍ਰਿਸ਼ਟਾਚਾਰ ਦੇ ਸਵਾਲ 'ਤੇ ਹੀ ਕੇਂਦਰਿਤ ਸੀ। ਕੱਲ੍ਹ ਨੂੰ ਜੇ ਇਸ ਵਿਚ ਅਗਾਂਹਵਧੂ ਤਾਕਤਾਂ ਸਹੀ ਕਿਸਮ ਦੀ ਸਮਝਦਾਰੀ ਵਿਕਸਿਤ ਕਰਨਗੀਆਂ ਤਾਂ ਇਹ ਪੂੰਜੀਵਾਦੀ ਸਿਸਟਮ ਦੇ ਖਿਲਾਫ਼ ਵੀ ਲੜਾਈ ਸੇਧਤ ਹੋ ਸਕਦੀ ਹੈ। ਤੱਤ ਰੂਪ ਵਿਚ ਭਾਰਤੀ ਸਮਾਜ ਦਾ ਸੰਕਟ ਪੂੰਜੀਵਾਦੀ ਪ੍ਰਬੰਧ ਦੇ ਚਲਣ ਢੰਗ ਵਿਚ ਹੀ ਪਿਆ ਹੈ। ਭਵਿੱਖ ਵਿਚ ਭਾਰਤੀ ਸਮਾਜ ਦੀ ਹੋਣੀ ਤੇ ਅਣਹੋਣੀ ਦਾ ਫੈਸਲਾ ਲੋਕਾਂ ਦੇ ਸਹੀ ਦਿਸ਼ਾ ਵੱਲ ਉਠਣ ਵਾਲੇ ਸੰਘਰਸ਼ਾਂ ਨੇ ਕਰਨਾ ਹੈ ਕਿ ਉਹ ਕਿਸ ਤਰ੍ਹਾਂ ਲੋਕਾਂ ਦੇ ਮਸਲਿਆਂ ਨੂੰ ਕੇਂਦਰ ਵਿਚ ਰੱਖ ਕੇ ਇਕ ਨਵੇਂ ਅਤੇ ਨਰੋਏ ਸਮਾਜ ਪ੍ਰਤੀ ਲੋਕਾਂ ਨੂੰ ਚੇਤਨ ਕਰਨਗੇ।

- ਚਰਨਜੀਤ ਭੁੱਲਰ

# ਜਾਓ ਵੇ ਕੋਈ ਮੋੜ ਲਿਆਓ ਸੁੱਖਾਂ ਭਰੀ ਸਵੇਰ



*ਚਰਨਜੀਤ ਭੁੱਲਰ ਪ੍ਰਤੀਬੱਧ ਪੱਤਰਕਾਰ ਹੈ ਜਿਸ ਦੀ ਕਲਮ ਕਿਰਤ ਕਰਨ ਵਾਲੇ ਹਿੱਸੇ ਦੇ ਪੱਖ ਵਿਚ ਸ਼ਬਦ ਸਿਰਜਦੀ ਹੈ। ਲੋਕਾਂ ਦੇ ਦੁੱਖਾਂ ਦਰਦਾਂ ਨੂੰ ਆਪਣਾ ਮਹਿਸੂਸ ਕਰਕੇ ਉਨ੍ਹਾਂ ਨੂੰ ਸ਼ਬਦਾਂ ਵਿਚ ਬੀੜਦਾ ਹੈ ਅਤੇ ਪੰਜਾਬ ਦੇ ਲੋਕਾਂ ਦਾ ਕਰਜ਼ ਉਤਾਰਨ ਦੀ ਕੋਸ਼ਿਸ਼ ਕਰਦਾ ਹੈ। ਉਨ੍ਹਾਂ ਵਲੋਂ ਕੀਤੀ ਜਾ ਰਹੀ ਪੱਤਰਕਾਰੀ ਉਪਰ ਪੰਜਾਬ ਨੂੰ .ਫਖਕ ਹੈ।*

ਬਠਿੰਡੇ ਜ਼ਿਲ੍ਹੇ ਦੇ ਗੋਬਿੰਦਪੁਰਾ 'ਚ ਖੇਤ ਸਾਹੋ ਸ਼ਾਹੀ ਹਨ। ਗਲੀਆਂ ਤੇ ਚਬੂਤਰੇ ਵੀ ਉਦਾਸ ਹਨ। ਇਲਮ ਤਾਂ ਪਿੰਡ ਦੀ ਜੂਹ ਨੂੰ ਵੀ ਹੈ। ਜਿਥੋਂ ਲੰਘੇ ਹਨ ਇੱਕ ਕੰਪਨੀ ਵਾਲੇ। ਜਨੌਰ ਵੀ ਤਾਂ ਜਾਣਦੇ ਹਨ ਕੰਡਿਆਲੀ ਤਾਰ ਦੇ ਮਾਹਣੇ। ਚੁਫੇਰਿਓਂ ਘਿਰੀ ਪੈਲੀ ਨੇ ਵੀ ਪੈੜ ਕੱਢ ਲਈ ਹੈ। ਬੋਹਲ਼ ਖੋਹੇ ਜਾਣਗੇ ਪੈਲ਼ੀਆਂ ਦੇ ਪੁੱਤਾਂ ਕੋਲੋਂ। ਹਰ ਘਰ ਦਾ ਬੂਹਾ ਵੀ ਇਸ ਤੋਂ ਜਾਣੀ ਜਾਣ ਹੈ। ਜਿਨ੍ਹਾਂ ਦੀ ਉਮਰ ਆਜ਼ਾਦੀ ਤੋਂ ਵੱਡੀ ਹੈ,ਉਨ੍ਹਾਂ ਦੀ ਜ਼ਿੰਦਗੀ ਘਰਾਂ 'ਚ ਕੈਦ ਹੋਈ ਹੈ। ਜਿਨ੍ਹਾਂ ਨੇ ਜ਼ੁਬਾਨ ਖੋਲ੍ਹੀ,ਉਨ੍ਹਾਂ ਨੂੰ ਜੇਲ੍ਹ ਦਿਖਾ ਦਿੱਤੀ ਗਈ। 'ਆਪਣਿਆਂ' ਦੀ ਜਿੱਦ ਕਿਸਾਨਾਂ ਦੀ ਹਿੱਕ 'ਤੇ ਦੀਵਾ ਬਾਲਣ ਦੀ ਹੈ। ਜਿਨ੍ਹਾਂ ਦੇ ਘਰਾਂ ਦੇ ਦੀਵੇ ਬੁੱਝਦੇ ਹਨ,ਉਹ ਕਦੇ ਟਿੱਕ ਕੇ ਨਹੀਂ ਬੈਠਦੇ। ਜਿਨ੍ਹਾਂ ਦੀ ਪਿੱਠ ਤੇ ਪੂਰਾ ਤਖਤ ਹੈ,ਉਹ ਜ਼ਮੀਨੀ ਹਕੀਕਤ ਤੋਂ ਬੇਖ਼ਬਰ ਹਨ। ਜਦੋਂ ਲੋਕ ਬਿਜਲੀ ਬਣਦੇ ਹਨ ਤਾਂ ਇਹ ਤਖਤ ਵੀ ਹਿੱਲਦੇ ਹਨ। ਕਿਉਂ ਅਣਜਾਣ ਹਨ ਇਸ ਤੋਂ ਪਿਉਨਾ ਕੰਪਨੀ ਵਾਲੇ ਜੋ ਧੰਨੇ ਜੱਟ ਨੂੰ ਘਰੋਂ ਬੇਘਰ ਕਰਨ ਲਈ ਨਿਕਲੇ ਹਨ। ਪੁਲੀਸ ਦੀ ਡਾਂਗ ਹਮੀਦੀ ਵਾਲੇ ਸੁਰਜੀਤ ਸਿੰਘ ਨੂੰ ਲਾਸ਼ ਬਣਾ ਸਕਦੀ ਹੈ। 70 ਵਰ੍ਹਿਆਂ ਦੇ ਬਜ਼ੁਰਗ ਦੀ ਚਿੱਟੀ ਦਾੜ੍ਹੀ ਖੂਨ 'ਚ ਰੰਗ ਸਕਦੀ ਹੈ। ਨੌਜਵਾਨ ਧੀਆਂ ਦੇ ਅਰਮਾਨਾਂ ਨੂੰ ਮਧੋਲ਼ ਸਕਦੀ ਹੈ। ਜ਼ਿੰਦਗੀ ਦੇ ਆਖਰੀ ਮੋੜ ਤੇ ਖੜੀ ਦਾਦੀ ਮਾਂ ਨੂੰ ਗੁਰੂ ਘਰ ਜਾਣੋ ਰੋਕ ਸਕਦੀ ਹੈ। ਪਰ ਉਸ ਸਿਦਕ ਦਾ ਵਾਲ ਵਿੰਗਾ ਨਹੀਂ ਕਰ ਸਕਦੀ ਜੋ ਪਿਉ ਦਾਦਿਆਂ ਨੇ ਇਨ੍ਹਾਂ ਪੈਲ਼ੀਆਂ ਨਾਲ ਨਿਭਾਇਆ ਹੈ। ਮਾਨਸਾ ਜ਼ਿਲ੍ਹੇ ਦੇ ਪਿੰਡ ਗੋਬਿੰਦਪੁਰਾ ਦੇ ਕਿਸਾਨਾਂ ਦੀ ਉਪਜਾਊ ਜ਼ਮੀਨ ਪਾਵਰ ਪਲਾਂਟ ਵਾਸਤੇ ਜਬਰੀ ਖੋਹੀ ਜਾ ਰਹੀ ਹੈ। ਕਈ ਦਿਨਾਂ ਤੋਂ ਇਹ ਪਿੰਡ ਪੁਲੀਸ ਦੀ ਗੁਲਾਮੀ ਝੱਲ ਰਿਹਾ ਹੈ। ਜਿਨ੍ਹਾਂ ਕਿਸਾਨ ਧਿਰਾਂ ਨੇ ਇਨ੍ਹਾਂ ਦੇ ਹੱਕ ਵਿੱਚ ਨਾਹਰਾ ਲਾਇਆ,ਉਨ੍ਹਾਂ ਨੂੰ 2 ਅਗਸਤ ਦਾ ਦਿਨ ਕਦੇ ਨਹੀਂ ਭੁੱਲੇਗਾ।

ਕੋਈ ਭਰਮ ਹੈ ਤਾਂ ਇਹ ਸਰਕਾਰ ਪਿੰਡ ਬਣਾਂਵਾਲੀ ਦੇ ਗੁਰਦੀਪ ਸਿੰਘ ਤੋਂ ਪੁੱਛ ਲਵੇ। ਗੁਰਦੀਪ ਸਿੰਘ ਦਾ ਸਭ ਕੁਝ ਉਜੜ ਗਿਆ ਹੈ। ਤਿੰਨ ਏਕੜ ਦਾ ਮਾਲਕ ਹੁਣ ਦਿਹਾੜੀ ਕਰਦਾ ਹੈ। ਉਸ ਦੀ ਪੁੱਤਾਂ ਨਾਲੋਂ ਪਿਆਰੀ ਜ਼ਮੀਨ ਬਣਾਂਵਾਲੀ ਥਰਮਲ ਲਈ ਐਕੁਆਇਰ ਹੋਈ ਹੈ। ਉਸ ਦੇ ਹੱਥੋਂ ਤਿੰਨ ਏਕੜ ਜ਼ਮੀਨ ਵੀ ਖੁਸ ਗਈ। ਉਪਰੋਂ ਕੋਈ ਧੇਲਾ ਵੀ ਨਹੀਂ ਮਿਲਿਆ ਹੈ। ਜ਼ਮੀਨ ਦਾ ਮਾਲਕ ਹੁਣ ਇਨਸਾਫ ਲਈ ਵਕੀਲਾਂ ਨੂੰ ਫੀਸ ਦੇਣ ਜੋਗਾ ਵੀ ਨਹੀਂ ਰਿਹਾ। ਫਿਰ ਵੀ ਕੋਈ ਸ਼ੱਕ ਹੈ ਤਾਂ ਸਰਕਾਰ ਇਸੇ

ਪਿੰਡ ਦੇ ਰਾਜ ਸਿੰਘ ਦੇ ਉਸ ਘਰ 'ਚ ਗੇੜਾ ਮਾਰ ਲਵੇ ਜੋ ਹੁਣ ਵਿਕ ਚੁੱਕਾ ਹੈ। ਜ਼ਮੀਨ ਕਾਹਦੀ ਹੱਥੋਂ ਨਿਕਲੀ,ਉਸ ਲਈ ਪੰਜਾਬ ਹੀ ਬੇਗਾਨਾ ਹੋ ਗਿਆ। ਹੁਣ ਉਹ ਪੰਜਾਬ ਚੋਂ ਹਿਜਰਤ ਕਰ ਗਿਆ ਹੈ। ਕੇਂਦਰ ਸਰਕਾਰ ਵਲੋਂ ਸਾਲ 2007 ਵਿੱਚ 367 ਸਪੈਸ਼ਲ ਆਰਥਿਕ ਜ਼ੋਨਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਜਿਨ੍ਹਾਂ ਲਈ ਕਿਸਾਨਾਂ ਦੀ ਪੈਲੀ ਹੀ ਐਕੁਆਇਰ ਹੋਣੀ ਹੈ। ਵਿਕਾਸ ਪ੍ਰੋਜੈਕਟਾਂ ਲਈ ਜ਼ਮੀਨ ਜ਼ਰੂਰੀ ਹੈ ਤਾਂ ਇਹੋ ਨੇਤਾ ਆਪਣੇ ਪਿੰਡਾਂ ਤੋਂ ਇਸ ਦੀ ਸ਼ੁਰੂਆਤ ਕਰਨ। ਜਿਨ੍ਹਾਂ ਦੀ ਜ਼ਮੀਨ ਪਿਛੇ ਇਹ ਨੇਤਾ ਲੋਕ ਹੱਥ ਧੋ ਕੇ ਪਏ ਹਨ,ਉਹ ਇਕੱਲੀ ਹਾਕਮ ਧਿਰ ਨੂੰ ਨਹੀਂ ਜਾਣਦੇ,ਉਹ ਤਾਂ ਪਟਿਆਲਾ ਵਾਲੇ ਮਹਾਰਾਜੇ ਦੀ ਵੀ ਰਮਜ਼ ਪਹਿਚਾਣਦੇ ਹਨ ਜਿਸ ਨੂੰ ਚੋਣਾਂ ਨੇੜੇ ਵੀ ਲੋਕਾਂ ਦਾ ਖਿਆਲ ਨਹੀਂ।ਮਹਾਰਾਜਾ ਸਾਹਿਬ ਆਖਦੇ ਹਨ ਕਿ ਜ਼ਮੀਨ ਤਾਂ ਸਰਕਾਰ ਲੈ ਲਵੇ ਪਰ ਜ਼ਮੀਨ ਦਾ ਮੁੱਲ ਥੋੜਾ ਹੋਰ ਦੇ ਦੇਵੇ। ਕਾਂਗਰਸੀ ਨੇਤਾ ਆਖਦੇ ਹਨ ਕਿ ਜੇ ਗੋਬਿੰਦਪੁਰਾ 'ਚ ਹੈਲੀਪੈਡ ਬਣਿਆ ਹੁੰਦਾ ਤਾਂ ਰਾਜਾ ਸਾਹਿਬ ਜ਼ਰੂਰ ਆਉਂਦੇ।ਆਖਰ ਇਨ੍ਹਾਂ ਕਿਸਾਨਾਂ ਦੀ ਟੇਕ ਤਾਂ ਆਪਣੇ ਕਿਸਾਨ ਭਰਾਵਾਂ 'ਤੇ ਹੈ ਜੋ ਕਿਸਾਨ ਧਿਰਾਂ ਦੇ ਰੂਪ ਵਿੱਚ ਉਨ੍ਹਾਂ ਦੀ ਬਿਪਤਾ 'ਚ ਖੜ੍ਹੇ ਹਨ।ਉਪਰੋਂ ਚੋਣਾਂ ਦਾ ਝਮੇਲਾ ਨਾ ਹੁੰਦਾ ਤਾਂ ਹਾਕਮ ਧਿਰ ਨੇ ਆਪਣੀ ਤਾਕਤ ਹੋਰ ਵੀ ਦਿਖਾਉਣੀ ਸੀ। ਕੁਝ ਵੀ ਹੋਵੇ, ਪੁਲੀਸ ਅਫਸਰਾਂ ਨੇ ਪਿਉਨਾ ਕੰਪਨੀ ਵਲੋਂ ਬੁਢਲਾਡਾ 'ਚ ਦਿੱਤੀ ਦਾਅਵਤ ਦਾ ਮੁੱਲ ਤਾਂ ਫਿਰ ਵੀ ਮੋੜ ਹੀ ਦਿੱਤਾ ਹੈ।

ਆਓ ਆਜ਼ਾਦੀ ਦਿਹਾੜੇ ਮੌਕੇ ਉਨ੍ਹਾਂ ਘਰਾਂ ਨੂੰ ਵੀ ਦੇਖੀਏ ਜਿਨ੍ਹਾਂ ਨੂੰ ਜਿੰਦਰੇ ਵੱਜ ਗਏ ਹਨ। ਬਠਿੰਡਾ ਜ਼ਿਲ੍ਹੇ ਦੇ ਪਿੰਡ ਮੌੜ ਚੜ੍ਹਤ ਸਿੰਘ 'ਚ ਚਾਰ ਕਿਸਾਨਾਂ ਦੇ ਬੂਹੇ ਸਦਾ ਲਈ ਬੰਦ ਹੋ ਗਏ ਹਨ। ਹੋਣੀ ਦੀ ਮਾਰ ਤੋਂ ਇਕੱਲੇ ਜਿੰਦਰੇ ਬਚੇ ਸਨ ਜਿਨ੍ਹਾਂ ਨੂੰ ਹੁਣ ਜੰਗਾਲ ਪੈ ਗਈ ਹੈ। ਇਨ੍ਹਾਂ ਘਰਾਂ ਦੇ ਮਾਲਕ ਜ਼ਿੰਦਗੀ ਹੱਥੋਂ ਹਾਰੇ ਹਨ। ਜਦੋਂ ਉਨ੍ਹਾਂ ਦੇ ਖੇਤ ਰੁੱਸ ਗਏ ਤਾਂ ਪੈਲ਼ੀਆਂ ਦੇ ਵਾਰਸ ਖ਼ੁਦਕੁਸ਼ੀ ਦੇ ਰਾਹ ਪੈ ਗਏ। ਇਨ੍ਹਾਂ ਪਰਵਾਰਾਂ ਦੇ ਇੱਕ ਇੱਕ ਕਰਕੇ ਸਭ ਜੀਅ ਕਿਰ ਗਏ। ਆਖਰ ਇਨ੍ਹਾਂ ਘਰਾਂ ਦੇ ਪੱਲੇ ਇਕੱਲੇ ਜਿੰਦਰੇ ਬਚੇ ਹਨ। ਇਨ੍ਹਾਂ ਜਿੰਦਰਿਆਂ 'ਚ ਜਾਨ ਹੁੰਦੀ ਤਾਂ ਇਹ ਜਿੰਦਰੇ ਸੰਗਤ ਦਰਸ਼ਨਾਂ 'ਚ ਜ਼ਰੂਰ ਪੇਸ਼ ਹੁੰਦੇ। ਦੱਸਦੇ ਕਿ ਉਨ੍ਹਾਂ ਦੇ ਘਰਾਂ ਦੇ ਮਾਲਕਾਂ ਨਾਲ ਕਿੰਝ ਬੀਤੀ। ਪੁੱਛਦੇ ਕਿ ਕਿਉਂ ਭੱਜੇ ਉਨ੍ਹਾਂ ਦੇ ਮਾਲਕ ਗੱਡੀ ਦੀਆਂ ਲਾਈਨਾਂ ਵੱਲ। ਗੱਦੀ ਵਾਲਿਆਂ ਨੂੰ ਦਰਦ ਹੁੰਦਾ ਤਾਂ ਇਨ੍ਹਾਂ ਘਰਾਂ ਦੇ ਬੂਹੇ ਬੰਦ ਹੀ ਨਹੀਂ ਹੋਣੇ ਸਨ। ਪੰਜਾਬ ਸਰਕਾਰ ਨੇ ਕੇਂਦਰ ਨੂੰ ਦੱਸਿਆ ਹੈ ਕਿ ਪੰਜਾਬ 'ਚ ਚਾਰ ਵਰ੍ਹਿਆਂ 'ਚ ਕੇਵਲ 55 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਹੈ। ਹਜ਼ਾਰਾਂ ਘਰਾਂ 'ਚ ਵਿਛੇ ਸੱਥਰਾਂ ਦਾ ਇਨ੍ਹਾਂ ਨੂੰ ਚੇਤਾ ਭੁੱਲ ਗਿਆ ਹੈ। ਪਿਛਲੇ ਦਿਨਾਂ 'ਚ ਸਰਕਾਰ ਨੇ ਲੰਘੀਆਂ ਅਸੈਂਬਲੀ ਤੇ ਲੋਕ ਸਭਾ ਚੋਣਾਂ 'ਚ ਪਈਆਂ ਵੋਟਾਂ ਦਾ ਪਿੰਡ ਵਾਈਜ ਅੰਕੜਾ 15 ਦਿਨਾਂ 'ਚ ਇਕੱਠਾ ਕਰ ਲਿਆ ਹੈ। ਪਰ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਦਾ ਸਰਵੇ 10 ਵਰ੍ਹਿਆਂ ਤੋਂ ਚੱਲ ਰਿਹਾ ਹੈ।

ਕੇਂਦਰ ਸਰਕਾਰ ਆਖਦੀ ਹੈ ਕਿ ਹਾਲੇ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੀ ਗਿਣਤੀ ਘੱਟ ਹੈ। ਜਦੋਂ ਗਿਣਤੀ ਵਿਦਰਭਾ ਦੇ ਕਿਸਾਨਾਂ ਜਿੰਨੀ ਹੋ ਗਈ,ਉਦੋਂ ਪੈਕੇਜ ਦੇਵਾਂਗੇ। ਹੁਣ ਆਜ਼ਾਦੀ ਹੀ ਦੱਸੇ ਕਿ ਕਿਸਾਨ ਕੀ ਕਰਨ,ਕੇਂਦਰ ਦੇ ਅੰਕੜੇ ਪੂਰੇ ਕਰਨ ਜਾਂ ਫਿਰ ਲੋਕ ਘੋਲਾਂ ਵੱਲ ਜਾਂਦੀ ਡੰਡੀ 'ਤੇ ਤੁਰਨ।ਪੂਰੇ ਦੇਸ਼ ਦਾ ਅੰਨਦਾਤਾ ਫਿਰ ਵੀ ਕਿਉਂ ਇਨ੍ਹਾਂ ਦੀਆਂ ਅੱਖਾਂ 'ਚ ਰੜਕ ਰਿਹਾ ਹੈ। ਪੰਜਾਬ ਦੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਪਾਣੀ ਦਿੱਤੇ ਜਾਣ ਦੀ ਚਾਰੇ ਪਾਸੇ ਡਫਲੀ ਵਜਾਈ ਜਾ ਰਹੀ ਹੈ। ਕਾਰਖ਼ਾਨੇਦਾਰਾਂ ਨੂੰ ਕਿੰਨੀ ਵੱਡੀ ਛੋਟ ਦਿੱਤੀ ਗਈ ਹੈ,ਕੋਈ ਚਰਚਾ ਨਹੀਂ ਹੁੰਦੀ। ਆਪਣੀ ਹਕੂਮਤ ਸਮੇਂ ਕੈਪਟਨ ਅਮਰਿੰਦਰ ਸਿੰਘ ਨੇ ਵੱਡਿਆਂ ਦੇ ਕਾਰਖ਼ਾਨੇਦਾਰਾਂ ਨੂੰ ਕਰੋੜਾਂ ਦੀ ਮੁਆਫ਼ੀ ਦੇ ਦਿੱਤੀ। ਮੌਜੂਦਾ ਸਰਕਾਰ ਨੇ ਵੱਡੀਆਂ ਕੰਪਨੀਆਂ ਨੂੰ ਪ੍ਰੋਜੈਕਟਾਂ 'ਚ ਮੂੰਹੋਂ ਮੰਗੀ ਛੋਟ ਦੇ ਦਿੱਤੀ ਹੈ। ਕਿਸਾਨਾਂ ਨੂੰ ਤਾਂ ਇਨ੍ਹਾਂ ਸਹਾਰਾ ਵੀ ਨਹੀਂ ਦਿੱਤਾ ਜਾਂਦਾ। ਵਿਦਰਭਾ ਦੇ ਕਿਸਾਨ ਆਖਦੇ ਹਨ ਕਿ ਉਹ ਅਗਲੇ ਜਨਮ ਵਿੱਚ ਯੂਰਪੀ ਗਾਂ ਬਣਨਾ ਪਸੰਦ ਕਰਨਗੇ ਕਿਉਂਕਿ ਉਨ੍ਹਾਂ ਦੇ ਇਸ ਜਾਮੇ ਨਾਲੋਂ ਤਾਂ ਯੂਰਪੀ ਗਾਂ ਚੰਗੀ ਹੈ ਜਿਸ ਨੂੰ ਦੋ ਡਾਲਰ ਪ੍ਰਤੀ ਦਿਨ ਸਬਸਿਡੀ ਮਿਲਦੀ ਹੈ। ਯੂਰਪੀ ਗਾਂ ਨੂੰ ਤਾਂ ਛੱਡੋ, ਕਿਸਾਨਾਂ ਦੇ ਇਸ ਜਨਮ ਨਾਲੋਂ ਤਾਂ ਬਠਿੰਡਾ ਵਾਲੇ ਡੀ.ਸੀ ਦੀ ਗਾਂ ਚੰਗੀ ਹੈ,ਜਿਸ ਨੂੰ ਕੋਈ ਤੋਟ ਨਹੀਂ ਰਹਿੰਦੀ। ਸੁਣਿਐ ਹੈ ਕਿ ਸ਼ਹਿਰੀ ਪਟਵਾਰੀ ਏਨੀ ਸੇਵਾ ਤਾਂ ਆਪਣੇ 'ਗਾਹਕਾਂ' ਦੀ ਨਹੀਂ ਕਰਦੇ ਜਿੰਨੀ ਸੇਵਾ ਇਸ ਗਾਂ ਦੀ ਕਰਦੇ ਹਨ। ਹੁਣ ਤਾਂ ਸਰਕਾਰ ਨੇ ਇਸ ਗਾਂ ਲਈ ਨਵਾਂ ਕਮਰਾ ਵੀ ਪਾ ਦਿੱਤਾ ਹੈ।

ਦੱਸੋ ਭਲਾ ਇਹ ਕਿਹੋ ਜੇਹੀ ਆਜ਼ਾਦੀ ਹੈ। ਜਿਥੇ ਵੱਡਿਆਂ ਨੂੰ ਸਭ ਕੁਝ ਕਰਨ ਦੀ ਖੁੱਲ੍ਹ ਹੈ। ਨਿਤਾਣਿਆਂ ਦੇ ਹਿੱਸੇ ਤਾਂ ਆਜ਼ਾਦੀ ਆਈ ਹੀ ਨਹੀਂ। ਸਰਕਾਰਾਂ ਵਾਲੇ ਆਖਦੇ ਹਨ ਕਿ ਆਜ਼ਾਦੀ ਤਾਂ ਹੈ। ਭਾਰਤ ਦੇ 48

## ਮਾਂ ਧਰਤੀਏ



ਸੰਤ ਰਾਮ ਉਦਾਸੀ

ਜੀਹਦੇ ਨਰਮੇ ਕਪਾਹਾਂ ਦੇ ਵਿਚ ਮੇਰੀ,
ਮਾਂ ਮਰਗੀ ਕਿਰਤਾਂ ਦੀ ਕੂਕ ਬਣ ਕੇ।
ਜੀਹਦੇ ਟਿੱਬਿਆਂ ਅੰਦਰ ਹੈ ਬਾਪ ਮੇਰਾ,
ਰੁਲਿਆ ਪਿਆ ਏ ਰੇਤੇ ਦੀ ਹੂਕ ਬਣ ਕੇ।
ਮਾਂ ਧਰਤੀਏ ਸਦਾ ਸੁਹਾਗਣੇ ਨੀ,
ਮੇਰੇ ਯਾਰਾਂ ਨੂੰ ਜਨਮ ਨਾ ਦੇਈਂ ਉਥੇ।

ਜਿਥੇ ਮਾਂ ਦੀ ਲਾਵਾਰਸ ਲਾਸ਼ ਉੱਤੇ
ਬੈਠਾ ਬਾਲ ਕੋਈ ਨਹਿਰ ਵਿਚ ਜਾਏ ਤਰਦਾ।
ਸਾਡੇ ਬੋਹਲਾਂ ਦੀ ਕਣਕ ਦਾ ਰੰਗ ਜਿਥੇ,
ਕਾਲੀ ਕੁਰਸੀ ਦੇ ਰੰਗ ਵਿਚ ਜਾਏ ਰਲਦਾ।
ਮਾਂ ਧਰਤੀਏ ਸਦਾ ਸੁਹਾਗਣੇ ਨੀ,
ਮੇਰੇ ਯਾਰਾਂ ਨੂੰ ਜਨਮ ਨਾ ਦੇਈਂ ਉੱਥੇ।

ਜੀਹਦੇ ਸੋਹਣਿਆਂ ਸ਼ਹਿਰਾਂ ਦੀ ਸ਼ਾਨ ਮੂਹਰੇ,
ਝੁਕੇ ਪਏ ਨੇ ਪਿੰਡ ਕਮਾਨ ਵਾਂਗੂੰ।
ਅਰਥਚਾਰਾ ਹੈ ਵੇਸਵਾ ਵਾਂਗ ਜਿਸ ਦਾ,
ਝੋਲੀ ਜੀਹਦੀ ਬੇਅਣਖੇ ਇਨਸਾਨ ਵਾਂਗੂੰ।
ਮਾਂ ਧਰਤੀਏ ਸਦਾ ਸੁਹਾਗਣੇ ਨੀ,
ਮੇਰੇ ਯਾਰਾਂ ਨੂੰ ਜਨਮ ਨਾ ਦੇਈਂ ਉਥੇ।

*ਪੰਜਾਬ ਦੇ ਵਿਕਾਸ ਮਾਡਲ ਨੇ ਉਲਟ ਰੁਖ ਅਖ਼ਤਿਆਰ ਕਰ ਲਿਆ ਹੈ। ਹਾਲਾਂਕਿ ਕੁਦਰਤੀ ਤੌਰ 'ਤੇ ਜਿਸ ਕਿਸਮ ਦੀ ਪੰਜਾਬ ਦੀ ਭੋਇੰ ਸੀ ਜਿਸ ਅੰਦਰ ਏਨੀ ਸਮਰੱਥਾ ਅਤੇ ਤਾਕਤ ਸੀ ਜਿਸ ਜ਼ਰੀਏ ਦਹਾਕਿਆਂਬੱਧੀ ਭਾਰਤੀ ਅਨਾਜ ਭੰਡਾਰ ਦੀ ਪੂਰਤੀ ਹੁੰਦੀ ਰਹੀ ਇਸ ਤੋਂ ਪਹਿਲਾਂ ਪੰਜਾਬ ਦਾ ਸਮੁੱਚਾ ਸਭਿਆਚਾਰ, ਕਦਰਾਂ ਕੀਮਤਾਂ, ਗੀਤ ਸੰਗੀਤ, ਗੁਰਬਾਣੀ ਦਾ ਪ੍ਰਵਚਨ, ਭਾਸ਼ਾ ਦੀ ਤਾਕਤ ਅਤੇ ਦਰਿਆਵਾਂ ਦੀ ਸ਼ੁੱਧਤਾ ਇਸ ਦੇ ਅਨਮੋਲ ਖਜ਼ਾਨੇ ਸਨ ਜਿਨ੍ਹਾਂ ਲਈ ਇਹ ਜਰਖੇਜ਼ ਭੋਇੰ ਇਕ ਕਿਸਮ ਦਾ ਉਹ ਧਰਾਤਲ ਸੀ ਜੋ ਨਵੇਂ ਉਭਰਦੇ ਪੰਜਾਬੀਆਂ ਨੂੰ ਆਪਣੀ ਵਿਰਾਸਤ ਨਾਲ ਜੋੜਦਾ ਸੀ। ਪ੍ਰੰਤੂ ਵਿਕਾਸ ਦੇ ਅਜੋਕੇ ਮਾਡਲ ਨੇ ਜਿਸ ਰਾਹੀਂ ਪੂੰਜੀ ਤਾਂ ਕੁਝ ਲੋਕਾਂ ਨੂੰ ਮਿਲ ਸਕਦੀ ਹੈ ਪ੍ਰੰਤੂ ਬੜਾ ਕੁਝ ਪੰਜਾਬ ਦੇ ਇਤਿਹਾਸ 'ਚੋਂ ਗਾਇਬ ਵੀ ਹੋ ਸਕਦਾ ਹੈ ਜਿਸ ਵਿਚ ਸ਼ਾਇਦ ਪਹਿਲਾਂ ਕਈ ਨਾਂ ਸ਼ਹਿਰਾਂ ਦੀ ਵਲਗਣ ਨੇ ਮਟੇ ਦਿੱਤੇ ਹਨ ਅਤੇ ਹੁਣ ਗੋਬਿੰਦਪੁਰੇ ਨੂੰ ਮਟੇਣ ਵੱਲ ਕਦਮ ਵਧ ਰਹੇ ਹਨ। ਪਰ ਲੋਕ ਇਸ ਦਾ ਵਿਰੋਧ ਕਰਕੇ ਇਹ ਅਹਿਸਾਸ ਜ਼ਰੂਰ ਕਰਵਾ ਰਹੇ ਹਨ ਕਿ ਅਜਿਹਾ ਵਿਕਾਸ ਦਾ ਮਾਡਲ ਜਿਹੜਾ ਸਾਨੂੰ ਘਰੋਂ ਬੇਘਰ ਕਰ ਰਿਹਾ ਹੈ ਕੱਲ੍ਹ ਨੂੰ ਚੰਨ ਟੁਕੜੇ ਦੇ ਕੇ ਸਾਨੂੰ ਮੰਡੀ ਦਾ ਹਿੱਸਾ ਬਣਾ ਲਵੇਗਾ। ਕੁਝ ਦੇਰ ਸਾਡੇ ਬੱਚੇ ਕਾਰਾਂ, ਮੋਟਰਸਾਈਕਲ ਖਰੀਦ ਕੇ ਜਾਂ ਕਿਸੇ ਨਾ ਕਿਸੇ ਸ਼ਹਿਰ ਵਿਚ ਦੋ ਸੌ ਗਜ਼ ਦੀ ਕੋਠੀ ਬਣਾ ਕੇ ਆਪਣੇ ਆਪ ਨੂੰ ਚਿੱਟ ਕੱਪੜੀਆ ਬਣਾ ਲੈਣਗੇ ਅਤੇ ਆਪਣੀ ਕਿਰਤ ਨਾਲੋਂ ਟੁੱਟ ਜਾਣਗੇ ਅਤੇ ਹੌਲੀ ਹੌਲੀ ਇਤਿਹਾਸ ਵਿਚੋਂ ਆਪਣਾ ਨਾਂ ਗਾਇਬ ਕਰਵਾ ਲੈਣਗੇ। ਅਜਿਹਾ ਕੁਝ ਪਹਿਲਾਂ ਹੀ ਪੰਜਾਬ ਵਿਚ ਬਹੁਤ ਵਾਪਰ ਰਿਹਾ ਹੈ ਕਿ ਜਿਨ੍ਹਾਂ ਨੇ ਚੰਨ ਟੁਕੜਿਆਂ ਪਿਛੇ ਆਪਣੀਆਂ ਜ਼ਮੀਨਾਂ ਵੇਚੀਆਂ ਉਹ ਦੇਰ ਸਵੇਰ ਕਿਸੇ ਨਾ ਕਿਸੇ ਅਜਿਹੇ ਐਯਾਸ਼ੀ ਦੇ ਮਾਹੌਲ ਵਿਚ ਡਿੱਗ ਪਏ ਜਿਥੋਂ ਉਹ ਵਾਪਸ ਨਹੀਂ ਪਰਤੇ। ਆਓ ਇਸ ਦਿਸ਼ਾ ਵੱਲ ਵਧਦੇ ਕਦਮਾਂ ਨੂੰ ਉਲਟ ਦਿਸ਼ਾ ਵੱਲ ਅਤੇ ਹਕੀਕੀ ਦਿਸ਼ਾ ਵੱਲ ਮੋੜੀਏ ਜਿਸ ਨਾਲ ਮੁੜ ਪੰਜਾਬ ਆਪਣੇ ਪਿੰਡਾਂ ਦੇ ਪੰਜਾਬ ਨਾਲ ਜੀਅ ਸਕੇ।*

ਲੱਖ ਲੋਕਾਂ ਨੂੰ ਨੀਲੇ ਅਸਮਾਨ ਹੇਠ ਸੌਣ ਦੀ। ਵਿਧਵਾ ਔਰਤਾਂ ਨੂੰ ਦਰ ਦਰ ਰੌਣ ਦੀ। ਸਭ ਕੁਝ ਗੁਆ ਬੈਠੇ ਬੱਚਿਆਂ ਨੂੰ ਰੇਲਵੇ ਸਟੇਸ਼ਨਾਂ 'ਤੇ ਘੁੰਮਣ ਦੀ। ਮਰੀਜ਼ਾਂ ਨੂੰ ਬਿਨ੍ਹਾਂ ਇਲਾਜ ਤੋਂ ਮਰਨ ਦੀ। ਪੰਜਾਬ ਦੇ ਹੁਕਮਰਾਨਾਂ ਨੇ ਤਾਂ ਉਦੋਂ ਵੀ ਆਜ਼ਾਦੀ ਦੀ ਗੱਲ ਕੀਤੀ ਜਦੋਂ ਕੇਂਦਰ ਸਰਕਾਰ ਨੇ ਬਾਬਾ ਰਾਮਦੇਵ ਦੀ ਕੁੱਟਮਾਰ ਕਰ ਦਿੱਤੀ ਸੀ। ਇੱਕ ਨਿਊਜ ਚੈਨਲ 'ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਆਖ ਰਹੇ ਸਨ ਕਿ ਜਮਹੂਰੀ ਤਰੀਕੇ ਨਾਲ ਪ੍ਰਦਰਸ਼ਨ ਕਰ ਰਹੇ ਬਾਬਾ ਰਾਮਦੇਵ 'ਤੇ ਪੁਲੀਸ ਨੇ ਜਿਆਦਤੀ ਕੀਤੀ ਹੈ, ਜਿੰਨੀ ਨਿੰਦਾ ਕੀਤੀ ਜਾਵੇ, ਉਨ੍ਹੀਂ ਥੋੜੀ ਹੈ। ਉਸੇ ਸ਼ਾਮ ਲੰਬੀ 'ਚ ਬੇਰੁਜ਼ਗਾਰਾਂ ਦੇ ਪ੍ਰਦਰਸ਼ਨ 'ਤੇ ਲੰਬੀ ਪੁਲੀਸ ਨੇ ਕਹਿਰ ਵਰਤਾ ਦਿੱਤਾ, ਉਸ ਬਾਰੇ ਕੋਈ ਬਿਆਨ ਨਸ਼ਰ ਨਹੀਂ ਹੋਇਆ। ਹੈ ਨਾ ਇਹ ਕਲਾਬਾਜ਼ੀ ਜਿਸ 'ਚ ਪੰਜਾਬ ਦੇ ਲੀਡਰਾਂ ਦੀ ਕੋਈ ਰੀਸ ਨਹੀਂ। ਅੱਜ ਕੱਲ ਮਨਪ੍ਰੀਤ ਬਾਦਲ ਪ੍ਰਵਾਸੀ ਭਾਰਤੀਆਂ ਨੂੰ ਪੰਜਾਬ ਬਚਾਉਣ ਦਾ ਸੱਦਾ ਦੇ ਰਹੇ ਹਨ। ਉਹ ਆਪਣਾ ਹਿਸਾਬ ਕਿਤਾਬ ਨਹੀਂ ਦਿੰਦੇ। ਗੱਲ ਸੁਣਾ ਕੇ ਅੱਗੇ ਤੁਰ ਜਾਂਦੇ ਹਨ। ਮਨਪ੍ਰੀਤ ਬਾਦਲ 16 ਵਰ੍ਹੇ ਪੰਜਾਬ ਦੇ ਵਿਧਾਇਕ ਰਹੇ, ਉਨ੍ਹਾਂ ਨੇ ਪੰਜਾਬ ਲਈ ਕੀ ਕੀ ਕੀਤਾ, ਇਹ ਵੀ ਪੰਜਾਬ ਦੀ ਜੰਤਾਂ ਜਾਣਨਾ ਚਾਹੁੰਦੀ ਹੈ। ਭਾਸ਼ਨ ਕਲਾ 'ਚ ਮਨਪ੍ਰੀਤ ਤੋਂ ਸਭ ਪਿਛੇ ਹਨ। ਤਾਹੀਓਂ ਤਾਂ ਬਲਵੰਤ ਸਿੰਘ ਰਾਮੂਵਾਲੀਏ ਨੇ ਆਖਿਆ ਸੀ ਕਿ ਇਸ ਨਾਲ ਤਾਂ ਮੇਰੇ ਵਾਲੀ ਹੋਊ। ਕਿਸ ਨਾਲ ਕੀ ਕੀ ਹੋਣੀ ਹੈ, ਅੱਗੇ ਪਤਾ ਲੱਗ ਜਾਏਗਾ ਕਿਉਂਕਿ ਅੱਗੇ ਮੌਸਮ ਚੋਣਾਂ ਦਾ ਹੈ।

ਭਾਜਪਾ ਦੇ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਇਸ ਗੱਲੋਂ ਖੁਸ਼ ਹਨ ਕਿ ਹਵਾਈ ਜਹਾਜ਼ਾਂ ਵਾਲੇ ਤੇਲ ਤੇ ਵੈਟ ਘਟਾ ਕੇ ਉਸ ਦੀ ਗੱਲ ਪੰਜਾਬ ਸਰਕਾਰ ਨੇ ਮੰਨ ਲਈ ਹੈ। ਫੁਰਸਤ ਮਿਲੇ ਤਾਂ ਕਦੇ ਇੱਧਰ ਮਾਲਵੇ 'ਚ ਵੀ ਫੇਰਾ ਪਾਉਣ ਸਿੱਧੂ ਸਾਹਿਬ, ਜਿਥੋਂ ਦੇ ਕਿਸਾਨਾਂ ਨੂੰ ਡੀਜ਼ਲ ਲੈਣ ਵਾਸਤੇ ਸ਼ਾਹੂਕਾਰਾਂ ਤੋਂ ਅੱਜ ਵੀ ਪਰਚੀ ਲੈਣੀ ਪੈਂਦੀ ਹੈ। ਕਿਸਾਨਾਂ ਦੇ ਨੇਤਾ ਅਜਮੇਰ ਸਿੰਘ ਲੱਖੋਵਾਲ ਵੀ ਤਾਂ ਇਹ ਸਭ ਕੁਝ ਜਾਣਦੇ ਹੀ ਹਨ ਜਿਨ੍ਹਾਂ ਨੂੰ ਚੇਅਰਮੈਨੀ ਦੇ ਨਾਲ ਨਾਲ ਸਰਕਾਰ ਨੇ ਇੱਕ ਕੈਮਰੀ ਗੱਡੀ ਤੇ ਇੱਕ ਲੰਮੀ ਕਾਰ ਦਿੱਤੀ ਹੋਈ ਹੈ। ਆਜ਼ਾਦੀ ਨੇ ਤਾਂ ਇਹੋ ਜੇਹੀਆਂ ਲੰਮੀਆਂ ਕਾਰਾਂ ਪਿਛੇ ਤਾਂ ਲੇਬਰ ਚੌਂਕ ਦੇ ਮਜ਼ਦੂਰ ਵੀ ਦੌੜਦੇ ਦੇਖੇ ਹਨ ਜਿਨ੍ਹਾਂ ਨੂੰ ਘਰ ਉਡੀਕਦੇ ਬੱਚਿਆਂ ਦਾ ਝੋਰਾ ਹੁੰਦਾ ਹੈ। ਉਨ੍ਹਾਂ ਦਾ ਮਸਲਾ ਸਿਰਫ਼ ਦਿਹਾੜੀ ਦਾ ਹੁੰਦਾ ਹੈ। ਅੱਗੇ ਚੋਣਾਂ ਸਿਰ 'ਤੇ ਹਨ ਜਿਨ੍ਹਾਂ 'ਚ ਲੀਡਰ ਇਨ੍ਹਾਂ ਮਜ਼ਦੂਰਾਂ ਦਾ, ਕਿਸਾਨਾਂ ਦਾ, ਵਿਧਵਾ ਔਰਤਾਂ ਦਾ, ਮੰਜਿਆਂ 'ਚ ਪਏ ਮਰੀਜ਼ਾਂ ਨਾਲ ਹੇਜ ਕਰਨ ਦੀ ਨੌਟੰਕੀ ਕਰਨਗੇ। ਹਾਕਮ ਧਿਰ ਪੈਸੇ ਦਾ ਜ਼ੋਰ ਦਿਖਾਏਗੀ। ਇਹ ਸਮਾਂ ਪੈਸੇ ਵਾਲਿਆਂ ਨੂੰ ਦੱਸਣ ਲਈ ਢੁਕਵਾਂ ਹੋਵੇਗਾ ਕਿ ਉਹ ਵਿਕਾਊ ਮਾਲ ਨਹੀਂ, ਭਾਂਡੇ ਵਿਕਵਾ ਦੇਣ ਦੀ ਤਾਕਤ ਵੀ ਰੱਖਦੇ ਹਨ। ਜਦੋਂ ਵਿਹੜਿਆਂ 'ਚ ਕਾਂਗਰਸੀ ਵਿਧਾਇਕ ਆਉਣ ਤਾਂ ਉਨ੍ਹਾਂ ਨੂੰ ਪੁੱਛਣਾ ਕਿ ਕਿਉਂ ਤੁਸੀਂ ਸੁੱਤੇ ਰਹੇ। ਪੌਣੇ ਪੰਜ ਵਰ੍ਹਿਆਂ ਦਾ ਹਿਸਾਬ ਕਿਤਾਬ ਮੰਗਣਾ। ਜਦੋਂ ਲੋਕ ਤਾਕਤ ਹੀਆ ਕਰੇਗੀ ਤਾਂ ਇਨ੍ਹਾਂ ਦੀ ਅਕਲ ਵੀ ਟਿਕਾਣੇ ਆ ਜਾਏਗੀ।

ਆਜ਼ਾਦੀ ਤੇ ਕਾਹਦਾ ਗਿਲਾ। ਇਹ ਤਾਂ ਖੁਦ ਪਰੇਸ਼ਾਨ ਹੈ। ਫਿਰ ਕਿਉਂ ਨਾ ਇਸ ਮੌਕੇ ਤੇ ਪ੍ਰਣ ਕੀਤਾ ਜਾਵੇ। ਲੋਕ ਰਾਜ਼ੀ ਢਾਂਚੇ ਨੂੰ ਬਿਹਤਰ ਬਣਾਉਣ ਦਾ। ਢੌਂਗੀ ਨੇਤਾਵਾਂ ਨੂੰ ਠੁਕਰਾਉਣ ਦਾ। ਜਦੋਂ ਤੁਸੀਂ ਵੋਟ ਦਸ ਵਾਰੀ ਸੋਚ ਸਮਝ ਕੇ ਪਾਓਗੇ ਤਾਂ ਫਿਰ ਜ਼ਰੂਰ ਇਹ ਨੇਤਾ ਵੀ ਸੋਚਾਂ 'ਚ ਪੈਣਗੇ। ਨਹੀਂ ਤਾਂ ਫਿਰ ਤੁਹਾਡੀ ਤਕਦੀਰ ਦੇ ਮਾਲਕ ਇਹੋ ਚੰਦ ਕੁ ਨੇਤਾ ਬਣੇ ਰਹਿਣਗੇ ਜਿਨ੍ਹਾਂ ਕੋਲ ਵਿਦੇਸ਼ੀ ਦੌਰੇ ਕਰਨ ਦੀ ਤਾਂ ਵਿਹਲ ਹੈ, ਖ਼ੁਦਕੁਸ਼ੀ ਕਰ ਗਏ ਕਿਸਾਨਾਂ ਦੇ ਭੋਗਾਂ 'ਤੇ ਦਰਦ ਵੰਡਾਉਣ ਦਾ ਸਮਾਂ ਨਹੀਂ। ਲੋਕ ਰਾਜ ਹੀ ਅਜਿਹਾ ਪ੍ਰਬੰਧ ਹੈ ਕਿ ਜਿਸ 'ਚ ਲੋਕ ਹੀ ਖੁਦ ਆਪਣੇ ਭਾਗ ਲਿਖਦੇ ਹਨ। ਏਦਾ ਹੈ ਤਾਂ ਫਿਰ ਚੋਣਾਂ ਮੌਕੇ ਕਿਉਂ ਨਾ ਥੋੜੀ ਸੋਚ ਵਿਚਾਰ ਕੇ ਆਪਣੀ ਵੋਟ ਦੀ ਸ਼ਕਤੀ ਵਰਤੀ ਜਾਵੇ ਤਾਂ ਜੋ ਆਜ਼ਾਦੀ ਨੂੰ ਵੀ 'ਆਪਣਾ ਘਰ' ਹੋਣ ਦਾ ਅਹਿਸਾਸ ਹੋ ਸਕੇ।

- ਬਲਜਿੰਦਰ ਸਿੰਘ

# ਦੰਗੇ, ਪੂੰਜੀਵਾਦ ਤੇ ਨੌਜਵਾਨਾਂ ਦੇ ਸੋਚਣ ਦਾ ਮਸਲਾ

***ਨੌਜਵਾਨ ਕਿਸੇ ਵੀ ਦੇਸ਼, ਕੌਮ ਜਾਂ ਧਰਮ ਦੇ ਹੋਣ ਉਹ ਭਵਿੱਖ ਦਾ ਸਰਮਾਇਆ ਹੁੰਦੇ ਹਨ। ਜਿਨ੍ਹਾਂ ਦੀ ਸੂਝ, ਸਮਝਦਾਰੀ, ਮਿਹਨਤ ਤੇ ਸਮਰੱਥਾ ਰਾਹੀਂ ਨਵੇਂ ਭਵਿੱਖ ਨੇ ਉਸਰਨਾ ਹੁੰਦਾ ਹੈ। ਜੇ ਇਸ ਨੌਜਵਾਨ ਤਾਕਤ ਨੂੰ ਸਹੀ ਸੋਚ, ਸਮਝਦਾਰੀ ਤੇ ਲਿਆਕਤ ਨਾਲ ਲੈਸ ਨਾ ਕੀਤਾ ਜਾਵੇ ਤਾਂ ਇਸ ਵਿਚਲਾ ਜੋਸ਼ ਆਪਣੇ ਮਾਪਿਆਂ ਦੇ ਹੱਥੀਂ ਵਿਕਸਿਤ ਕੀਤੀ ਜਾਇਦਾਦ ਨੂੰ ਤਬਾਹ ਕਰਨ ਵਿਚ ਵੀ ਤਬਦੀਲ ਹੋ ਸਕਦਾ ਹੈ। ਨੌਜਵਾਨਾਂ ਨੂੰ ਨਿਰਮਾਣ ਅਤੇ ਆਪਣੇ ਨਰੋਏ ਭਵਿੱਖ ਲਈ ਜ਼ਰੂਰ ਜੋਸ਼ ਤੇ ਹੋਸ਼ ਦਾ ਸੁਮੇਲ ਕਰਕੇ ਅੱਗੇ ਵਧਣਾ ਚਾਹੀਦਾ ਹੈ। ਇਸ ਵਿਚ ਹੀ ਇਨ੍ਹਾਂ ਦਾ ਭਵਿੱਖ ਛੁਪਿਆ ਹੋਇਆ ਹੈ। ਇਸ ਸੋਚ ਨੂੰ ਵਿਕਸਿਤ ਕਰਨਾ ਅਜੋਕੇ ਸਮੇਂ ਦਾ ਸਭ ਤੋਂ ਵੱਡਾ ਕਾਰਜ ਹੈ।***



ਕਦੀ ਕਿਸੇ ਨੇ ਸੁਪਨੇ ਵਿਚ ਵੀ ਸੋਚਿਆ ਹੋਣਾ ਕਿ ਦੁਨੀਆ ਦੀ ਸਭ ਤੋਂ ਵੱਡੀ ਸਭਿਅਤਾ ਦਾ ਕੇਂਦਰਬਿੰਦੂ ਰਿਹਾ ਬਰਤਾਨੀਆ ਇਕ ਦਿਨ ਉਨ੍ਹਾਂ ਅਣਵਿਕਸਤ ਮੁਲਕਾਂ ਦੀਆਂ ਲੜਾਈਆਂ ਵਾਂਗ ਆਪਣਾ ਰੂਪ ਦਿਖਾਵੇਗਾ। ਅਕਸਰ ਇਹ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਬਹੁਗਿਣਤੀ ਤੀਸਰੀ ਦੁਨੀਆ ਦੇ ਮੁਲਕ ਅਜੇ ਵੀ ਸਨਅਤੀ ਤਬਦੀਲੀਆਂ ਰਾਹੀਂ ਵਿਕਸਿਤ ਹੋ ਕੇ ਆਧੁਨਿਕ ਪੂੰਜੀਵਾਦ ਦੇ ਕਾਇਦੇ ਕਾਨੂੰਨਾਂ ਵਿਚ ਵਿਚਰਨਾ ਨਹੀਂ ਸਿੱਖੇ। ਬਹੁਤੇ ਮੁਲਕਾਂ ਨੂੰ ਤਾਂ ਕਈ ਦਹਾਕੇ ਬਰਤਾਨਵੀ ਹੁਕਮਰਾਨ ਇਹ ਕਹਿੰਦੇ ਰਹੇ ਕਿ ਅਸੀਂ ਹੀ ਹਾਂ ਜਿਨ੍ਹਾਂ ਨੇ ਪਛੜੇ ਮੁਲਕਾਂ ਵਿਚ ਜਾ ਕੇ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਤਬਦੀਲੀਆਂ ਕੀਤੀਆਂ ਹਨ ਅਤੇ ਜਮਹੂਰੀਅਤਾਂ ਨੂੰ ਸਥਾਪਤ ਕੀਤਾ ਹੈ। 20ਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਬਹੁ ਦੇਸ਼ਾਂ ਤੋਂ ਬਰਤਾਨੀਆ ਨੂੰ ਆਪਣੀਆਂ ਬਸਤੀਆਂ ਛੱਡ ਕੇ ਵਾਪਸ ਪਰਤਣਾ ਪਿਆ ਸੀ। ਉਸ ਉਪਰੰਤ ਬੜਾ ਲੰਬਾ ਸਮਾਂ ਬਰਤਾਨੀਆ ਸਿੱਧੇ ਰੂਪ 'ਚ ਕਿਸੇ ਨੂੰ ਵੀ ਤਬਦੀਲ ਕਰਨ ਲਈ ਨਹੀਂ ਗਿਆ। ਪ੍ਰੰਤੂ ਦੁਨੀਆ ਦੀਆਂ ਬਦਲੀਆਂ ਸਮੀਕਰਨਾਂ ਅਨੁਸਾਰ ਅਮਰੀਕਾ ਦੀ ਅਗਵਾਈ ਵਿਚ ਇਰਾਕ, ਅਫਗਾਨਿਸਤਾਨ ਆਦਿ ਮੁਲਕਾਂ ਨੂੰ ਜਮਹੂਰੀਅਤ ਸਥਾਪਤ ਕਰਨ ਦੇ ਨਾਂ ਹੇਠ ਸਾਥ ਦੇ ਕੇ ਉਥੇ ਭਾਈਵਾਲ ਹੋਇਆ।ਬੜਾ ਲੰਬਾ ਸਮਾਂ ਸਨਅਤੀ ਇਨਕਲਾਬਾਂ ਦੇ ਮੁੱਢ ਦਾ ਕੇਂਦਰ ਰਿਹਾ ਬਰਤਾਨੀਆ ਜਿਥੋਂ ਪੂੰਜੀਵਾਦ ਦੇ ਅਸਲ ਢੰਗ ਨੂੰ ਪ੍ਰਸਿੱਧ ਵਿਦਵਾਨ ਕਾਰਲ ਮਾਰਕਸ ਨੇ ਵੀ ਵਾਚਿਆ ਅਤੇ ਆਪਣੀ ਪ੍ਰਸਿੱਧ ਲਿਖਤ 'ਦਾਸ ਕੈਪੀਟਲ' ਵਿਚ ਜ਼ਿਕਰ ਕੀਤਾ ਕਿ ਅਸਲ ਪੂੰਜੀਵਾਦ ਕਿਵੇਂ ਜਮਾਤੀ ਸਮਾਜ ਦੀ ਸਿਰਜਣਾ ਕਰਦਾ ਹੈ। ਕਿਰਤ ਕਰਨ ਵਾਲਿਆਂ ਕੋਲ ਕਿਸੇ ਕਿਸਮ ਦੀ ਨਿੱਜੀ ਜਾਇਦਾਦ ਨਹੀਂ ਛੱਡਦਾ ਬਲਕਿ ਉਨ੍ਹਾਂ ਦੇ ਖ਼ੂਨ ਪਸੀਨੇ ਵਿਚੋਂ ਸਰਮਾਇਆ ਕੱਢ ਕੇ ਕੁਝ ਚੰਦ ਹਿੱਸਿਆਂ ਦੇ ਹਵਾਲੇ ਕਰ ਦਿੰਦਾ ਹੈ। ਇਸ ਕਿਸਮ ਦੀ ਪੂੰਜੀਵਾਦ ਦੀ ਚਲਣ ਪ੍ਰਕਿਰਿਆ ਰਾਹੀਂ ਸਮਾਜ ਕਈ ਵਰਗਾਂ ਵਿਚ ਵੰਡਿਆ ਜਾਂਦਾ ਹੈ। ਉਸ ਸਮੇਂ ਤਾਂ ਬੜਾ ਲੰਬਾ ਸਮਾਂ ਦੁਨੀਆ ਦੀਆਂ ਵੱਖ ਵੱਖ ਬਸਤੀਆਂ 'ਚੋਂ ਸਰਮਾਇਆ ਇਕੱਤਰ ਕਰਕੇ ਬਰਤਾਨਵੀ ਸਾਮਰਾਜ ਆਪਣੇ ਕਿਲੇ ਨੂੰ ਮਜਬੂਤ ਕਰਦਾ ਗਿਆ। ਪ੍ਰੰਤੂ ਪਿਛਲੇ ਦੋ ਦਹਾਕਿਆਂ ਤੋਂ ਜਿਸ ਕਿਸਮ ਦਾ ਵਿਕਾਸ ਮਾਡਲ ਦੁਨੀਆ 'ਤੇ ਲਾਗੂ ਕੀਤਾ ਜਾ ਰਿਹਾ ਹੈ ਜਿਸ ਰਾਹੀਂ ਇਕ ਬਹੁਤ ਛੋਟੇ ਹਿੱਸੇ ਕੋਲ ਸਰਮਾਇਆ ਇਕੱਤਰ ਹੋ ਰਿਹਾ ਹੈ ਅਤੇ ਵੱਡਾ ਹਿੱਸਾ ਇਸ ਤੋਂ ਵਾਂਝਾ ਹੋ ਰਿਹਾ ਹੈ। ਇਸ ਕਿਸਮ ਦੀ ਸਮਾਜਿਕ ਸੰਰਚਨਾ ਨੂੰ ਸਹੀ ਰੂਪ ਵਿਚ ਜਥੇਬੰਦਕ ਕਰਕੇ ਇਕ ਨਵੇਂ ਸਮਾਜ ਦੀ ਧਾਰਾ ਜੇ ਵਿਕਸਿਤ ਨਹੀਂ ਕੀਤੀ ਜਾਂਦੀ ਤਾਂ ਉਸ ਦਾ

ਜਾਹਰਾ ਰੂਪ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਹੋਏ ਦੰਗਿਆਂ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਇਕ ਨਿੱਕੀ ਜਿਹੀ ਘਟਨਾ ਜਿਸ ਵਿਚ ਮੈਟਰੋਪਲੇਟਨ ਪੁਲਿਸ ਵਲੋਂ 29 ਸਾਲਾ ਨੌਜਵਾਨ ਮਾਰਕ ਡੌਗਨ ਦੀ ਨਾਰਥ ਲੰਡਨ ਦੇ ਟਿਨਹਿਮ ਖੇਤਰ ਵਿਚ ਮੌਤ ਹੋ ਗਈ ਸੀ। ਡੌਗਨ ਬਰੌਡ ਵਾਟਰ ਫਾਰਮ ਅਸਟੇਟ ਦਾ ਬਸ਼ਿੰਦਾ ਸੀ ਜਿਸ ਵਿਚ ਮਾਰਕ ਡੌਗਨ ਨੂੰ ਇਕ ਚੰਗੇ ਇਨਸਾਨ ਦੇ ਤੌਰ 'ਤੇ ਜਾਣਿਆ ਜਾਂਦਾ ਸੀ ਇਸ ਦੀ ਮੌਤ ਤੋਂ ਬਾਅਦ ਜਿਸ ਕਿਸਮ ਨਾਲ ਬ੍ਰਿਟੇਸ ਰਾਜਨੀਤੀਵਾਨਾਂ ਅਤੇ ਮੀਡੀਆ ਵਲੋਂ ਇਸ ਮੁੱਦੇ ਤੋਂ ਬਾਅਦ ਵਾਪਰੇ ਲੁੱਟ ਮਾਰ ਦੇ ਘਟਨਾਕ੍ਰਮ ਨੂੰ ਉਲਿਖਤ ਕੀਤਾ ਗਿਆ ਕਿ ਕਿਸ ਤਰ੍ਹਾਂ ਬਿਨਾਂ ਮਾਨਸਿਕ ਤਵਾਜਨ ਰੱਖਿਆਂ ਇਹ ਲੁੱਟ ਖਸੁੱਟ ਸ਼ੁਰੂ ਕੀਤੀ ਗਈ ਹੈ ਜਿਸ ਵਿਚ ਪੂਰੀ ਤਰ੍ਹਾਂ ਜਰਾਇਮ ਪੇਸ਼ਾ ਹਿੱਸੇ ਸ਼ਾਮਲ ਹੋਏ ਸਨ। ਇਹ ਦੰਗਾਕਾਰੀ ਲਗਾਤਾਰ ਗਲੀਆਂ ਵਿਚ ਲੁੱਟ ਖਸੁੱਟ ਕਰਦੇ ਰਹੇ। ਇਸ ਤੋਂ ਇਲਾਵਾ ਇਸ ਨੂੰ ਕਿਸੇ ਹੱਦ ਤੱਕ ਇਸ ਤਰ੍ਹਾਂ ਅੰਕਿਤ ਕੀਤਾ ਗਿਆ ਕਿ ਇਕ ਵੱਡਾ ਹਿੱਸਾ ਬਰਤਾਨਵੀ ਸਮਾਜ ਵਿਚ ਰਹਿਣ ਦੇ ਕਾਬਲ ਨਹੀਂ ਹੈ। ਦੂਸਰੇ ਪਾਸੇ ਲੁੱਟ ਮਾਰ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਹਿੱਸਿਆਂ ਨੇ ਆਪਣੀਆਂ ਹੀ ਪੈਦਾ ਕੀਤੀਆਂ ਵਸਤੂਆਂ ਦੀ ਭੰਨਤੋੜ ਕੀਤੀ ਅਤੇ ਲੁੱਟ ਖਸੁੱਟ ਕੀਤੀ। ਤੱਤ ਰੂਪ ਵਿਚ ਇਸ ਸਮੁੱਚੇ ਘਟਨਾਕ੍ਰਮ ਨੂੰ ਜਿਵੇਂ ਮੀਡੀਆ ਵਲੋਂ ਪ੍ਰਚਾਰਿਆ ਗਿਆ ਹੈ ਉਸ ਤੋਂ ਸਪਸ਼ਟ ਦਿਖਾਈ ਦਿੰਦਾ ਹੈ ਕਿ ਬਰਤਾਨਵੀ ਸਮਾਜ ਅੰਦਰ ਕਾਫ਼ੀ ਕੁਝ ਅਜਿਹਾ ਵਾਪਰ ਰਿਹਾ ਹੈ ਜਿਹੜਾ ਲਗਾਤਾਰ ਬੇਚੈਨੀ ਨੂੰ ਜਨਮ ਦੇ ਰਿਹਾ ਹੈ। ਇਨ੍ਹਾਂ ਘਟਨਾਵਾਂ ਨੂੰ ਸਹੀ ਸੰਦਰਭ ਵਿਚ ਪਰਖਦੇ ਹੋਏ ਪ੍ਰਸਿੱਧ ਵਿਦਵਾਨ ਡੇਵਿਡ ਹਾਰਵੇ ਨੇ ਕਿਹਾ ਕਿ ਜਿਸ ਕਿਸਮ ਦਾ ਪੂੰਜੀਵਾਦ ਵਿਕਸਿਤ ਹੋਇਆ ਹੈ ਉਸ ਨੇ ਰਾਜਨੀਤੀ ਤੋਂ ਲੈ ਕੇ ਆਮ ਬੰਦੇ ਤੱਕ ਦੀ ਸਮਝਦਾਰੀ ਨੂੰ ਪਲੀਤ ਕਰ ਦਿੱਤਾ ਹੈ। ਹਰ ਕੋਈ ਤਾਕਤ ਅਤੇ ਨਿੱਜੀ ਸਰਮਾਇਆਕਾਰੀ ਨੂੰ ਇਕੱਤਰ ਕਰਨ ਦੇ ਚੱਕਰ ਵਿਚ ਪਿਆ ਹੋਇਆ ਹੈ। ਲਗਾਤਾਰ ਨੈਤਿਕ ਮੁੱਲ ਗਿਰਾਵਟ ਵੱਲ ਆ ਰਹੇ ਹਨ ਜਿਸ ਕਿਸਮ ਦੀ ਪੂੰਜੀਵਾਦੀ ਸਮਾਜ ਵਾਲੀ ਸੰਰਚਨਾ ਵਿਚ ਅਸੀਂ ਰਹਿ ਰਹੇ ਹਾਂ ਉਸ ਵਿਚ ਹਰ ਕੋਈ ਚਾਹੇ ਉਹ ਕਿਸੇ ਕਾਰਪੋਰੇਸ਼ਨ ਦਾ ਉਚ ਅਹੁਦੇ ਵਾਲਾ ਹੋਵੇ ਤੇ ਚਾਹੇ ਕੋਈ ਸਿਆਸੀ ਤਾਕਤ ਵਾਲਾ ਹੋਵੇ ਉਹ ਆਪਣੀ ਯੋਗਤਾ ਰਾਹੀਂ ਪੈਸੇ ਇਕੱਤਰ ਕਰਨ ਦੇ ਢੰਗ ਤਰੀਕੇ ਰਾਹੀਂ ਕਿਸੇ ਨਾ ਕਿਸੇ ਸਕੈਂਡਲ ਵਿਚ ਫਸਿਆ ਹੋਇਆ ਹੈ ਜਿਸ ਕਿਸਮ ਦਾ ਰੂਪ ਪਹਿਲਾ ਹੀ ਰੁਪਿਟ ਮਾਰਡੋਕ ਰਾਹੀਂ ਸਾਹਮਣੇ ਆਇਆ ਹੈ ਜਿਸ ਨੇ ਇਕ ਕਿਸਮ ਦੇ ਅਜਿਹਾ ਮੀਡੀਆ ਸਥਾਪਤ ਕਰ ਦਿੱਤਾ ਸੀ ਜਿਸ ਰਾਹੀਂ ਹਰ ਕਿਸਮ ਦੀ ਰਾਜਨੀਤੀ ਨੂੰ ਆਪਣੇ ਢੰਗ ਨਾਲ ਚਲਾਇਆ ਜਾ ਸਕਦਾ ਸੀ। ਇਨ੍ਹਾਂ ਉਦਾਸ ਕਰ ਦੇਣ ਵਾਲੀਆਂ ਘਟਨਾਵਾਂ ਨੂੰ ਸਮਝਣਾ ਅਤੇ ਇਨ੍ਹਾਂ ਨੂੰ ਸਹੀ ਦਿਸ਼ਾ ਵੱਲ ਤੋਰਨਾ ਆਪਣੇ ਆਪ ਅੱਗੇ ਵੱਡਾ ਸਵਾਲ ਹੈ। ਹਾਲਾਂਕਿ ਕਈ ਕਿਸਮ ਦੇ ਵਿਰੋਧ ਦੁਨੀਆ ਵਿਚ ਉਠੇ ਹਨ ਜਿਨ੍ਹਾਂ ਨੇ ਆਸ ਜਗਾਈ ਹੈ ਉਸ ਵਿਚ ਸਪੇਨ, ਗਰੀਸ ਅਤੇ ਲਾਤੀਨੀ ਅਮਰੀਕਾ ਆਦਿ ਸੰਘਰਸ਼ ਬੜੇ ਹੀ ਵਧੀਆ ਢੰਗ ਨਾਲ ਜਥੇਬੰਦਕ ਹੋ ਕੇ ਪੂੰਜੀਵਾਦ ਦੇ ਖਿਲਾਫ਼ ਲੜੇ ਜਾ ਰਹੇ ਹਨ। ਦੂਸਰੇ ਸੰਸਾਰ ਦੇ ਹਿੱਸਿਆਂ ਨੂੰ ਇਨ੍ਹਾਂ ਸੰਘਰਸ਼ਾਂ ਤੋਂ ਸਬਕ ਲੈਣੇ ਚਾਹੀਦੇ ਹਨ ਕਿ ਕਿਸ ਤਰ੍ਹਾਂ ਦੀਆਂ ਲੜਾਈਆਂ ਲੜੀਆਂ ਜਾਣ ਅਤੇ ਕਿਸ ਦਿਸ਼ਾ ਵੱਲ ਲੜੀਆਂ ਜਾਣ। ਇਸ ਸਵਾਲ ਦਾ ਜਵਾਬ ਕੋਈ ਬਹੁਤਾ ਅਸਾਨ ਨਹੀਂ ਹੈ ਪ੍ਰੰਤੂ ਜੇਕਰ ਕੁਝ ਹੱਦ ਤੱਕ ਹੀ ਸਵਾਲ ਖੜ੍ਹੇ ਕਰਨੇ ਹੀ ਸਿੱਖ ਲਈਏ ਤਾਂ ਕੱਲ੍ਹ ਨੂੰ ਉਨ੍ਹਾਂ ਦੇ ਠੀਕ ਜਵਾਬ ਵੀ ਲੱਭੇ ਜਾ ਸਕਦੇ ਹਨ।

ਲੰਡਨ ਵਿਚ ਵਾਪਰੀਆਂ ਘਟਨਾਵਾਂ ਨੇ ਇਕ ਗੱਲ ਸਿੱਧ ਕਰ ਦਿੱਤੀ ਹੈ ਕਿ ਉਥੋਂ ਦੇ ਬਹੁਗਿਣਤੀ ਹੇਠਲੇ ਤਬਕੇ ਵਿਚ ਅਜੇ ਵੀ ਕਿਸੇ ਕਿਸਮ ਦੀ ਕੋਈ ਸਹੀ ਸਮਝਦਾਰੀ ਨਹੀਂ ਹੈ। ਕਿਸੇ ਕਿਸਮ ਦਾ ਜਥੇਬੰਦਕ ਐਸਾ ਤਾਣਾਬਾਣਾ ਵੀ ਨਹੀਂ ਹੈ ਜੋ ਅਜਿਹੀਆਂ ਘਟਨਾਵਾਂ ਨੂੰ ਰੋਕ ਸਕਦਾ ਹੋਵੇ ਅਤੇ ਸਹੀ ਦਿਸ਼ਾ ਪ੍ਰਦਾਨ ਕਰ ਸਕਦਾ ਹੋਵੇ। ਬਹੁਤ ਦੇਰ ਪਹਿਲਾਂ 4 ਨਵੰਬਰ 1953 ਨੂੰ ਪ੍ਰਸਿੱਧ ਵਿਦਵਾਨ ਕਾਰਲ ਮਾਰਕਸ ਨੇ ਨਿਊਯਾਰਕ ਡੇਲੀ ਟ੍ਰਿਬਿਊਨ ਵਿਚ ਇਕ ਲਿਖਤ ਲਿਖੀ ਸੀ ਜਿਸ ਦਾ ਆਧਾਰ ਇਹ ਸੀ ਕਿ ਪਰਸਟੋਨ ਵਿਚ ਵੈਗਨ ਦੰਗੇ ਵਾਪਰੇ ਸਨ ਜਿਸ ਸਬੰਧੀ ਉਨ੍ਹਾਂ ਨੇ ਉਥੋਂ ਦੇ ਲੀਡਰ ਮਿਸਟਰ ਕੁਬੇਲ ਨੂੰ ਕਿਹਾ ਸੀ ਕਿ ਇਕ ਮੀਟਿੰਗ ਕੀਤੀ ਜਾਵੇ ਜਿਸ ਵਿਚ ਮਜਦੂਰ ਇਕੱਤਰ ਹੋਣ ਅਤੇ ਲੋਕਾਂ ਤੋਂ ਮੁਆਫ਼ੀ ਮੰਗਣ ਕਿ ਉਨ੍ਹਾਂ ਨੇ ਇਹ ਜੋ ਕੁਝ ਕੀਤਾ ਹੈ ਗਲਤ ਕੀਤਾ ਹੈ ਉਹ ਹੀ ਹਨ ਜੋ ਇਸ ਪ੍ਰਾਪਰਟੀ ਨੂੰ ਬਣਾਉਂਦੇ ਹਨ ਅਤੇ ਉਨ੍ਹਾਂ ਨੂੰ ਇਸ ਪ੍ਰਾਪਰਟੀ ਨੂੰ ਤਬਾਹ ਕਰਕੇ ਕਿਸੇ ਵੀ ਵਿਅਕਤੀ ਦੇ ਜਜ਼ਬਾਤਾਂ ਨਾਲ ਖੇਡਣਾ ਨਹੀਂ ਚਾਹੀਦਾ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਮਨੁੱਖੀ ਜੀਵਨ ਅਤੇ ਜਾਇਦਾਦ ਦੀ ਇੱਜ਼ਤ ਕਰਨ ਅਤੇ ਸ਼ਾਂਤਮਈ ਅਤੇ ਜਥੇਬੰਦਕ ਰੂਪ ਵਿਚ ਮਸਲੇ ਉਪਰ ਸੰਘਰਸ਼ ਕਰਨ। ਇਸੇ ਸੰਦਰਭ ਵਿਚ ਉਨ੍ਹਾਂ ਕਿਹਾ ਕਿ ਮਜ਼ਦੂਰ ਜਮਾਤ ਲਈ ਇਹ ਬੜਾ ਔਖਾ ਹੁੰਦਾ ਹੈ ਕਿ ਉਨ੍ਹਾਂ ਨੂੰ ਸ਼ਾਂਤਮਈ, ਇਕਜੁਟ ਅਤੇ ਬੜੇ ਸਲੀਕੇ ਨਾਲ ਸਹੀ ਦਿਸ਼ਾ ਵੱਲ ਤੋਰਿਆ ਜਾਵੇ ਪ੍ਰੰਤੂ ਇਸ ਕਿਸਮ ਦੀਆਂ ਘਟਨਾਵਾਂ ਤੱਤ ਰੂਪ ਵਿਚ ਮਜ਼ਦੂਰਾਂ ਦੇ ਖਿਲਾਫ਼ ਹੀ ਜਾਂਦੀਆਂ ਹਨ। ਇਸ ਕਿਸਮ ਦਾ ਮਾਹੌਲ ਖੜ੍ਹਾ ਕਰ ਦਿੱਤਾ ਜਾਂਦਾ ਹੈ ਜਿਸ ਤਰ੍ਹਾਂ ਜਚਾ ਦਿੱਤਾ ਜਾਂਦਾ ਹੈ ਕਿ ਘੱਟ ਪੜ੍ਹੇ, ਕਿਰਤੀ ਅਤੇ ਆਮ ਲੋਕ ਅਜਿਹਾ ਹੀ ਕਰਦੇ ਹਨ ਇਸ ਕਰਕੇ ਉਨ੍ਹਾਂ ਨੂੰ ਕੰਟਰੋਲ ਕਰਨ ਵਾਸਤੇ ਕਾਨੂੰਨ ਅਤੇ ਪੁਲਿਸ ਸਥਾਪਤ ਕਰਨੀ ਪੈਂਦੀ ਹੈ। ਇਸ ਕਿਸਮ ਦੀ ਸਮਝਦਾਰੀ ਨੂੰ ਮੀਡੀਆ ਅਤੇ ਬਰਤਾਨਵੀ ਹੁਕਮਰਾਨਾਂ ਨੇ ਬੜਾ ਖੁੱਲ੍ਹ ਕੇ ਵਿਚਾਰਿਆ ਹੈ ਅਤੇ ਦੂਸਰੇ ਪਾਸੇ ਜਿਨ੍ਹਾਂ ਭਾਈਚਾਰਿਆਂ ਨੇ ਇਨ੍ਹਾਂ ਲੁੱਟ ਖਸੁੱਟ ਕਰਨ ਵਾਲੇ ਹਿੱਸਿਆਂ ਨਾਲ ਮੜਿਕਣ ਲਈ ਆਪਣੀ ਰਾਖੀ ਆਪ ਕਰਨ ਦੀ ਵਕਾਲਤ ਕੀਤੀ ਹੈ ਉਹ ਤੱਤ ਰੂਪ ਵਿਚ ਇਹ ਨਹੀਂ ਸਮਝ ਪਾਏ ਕਿ ਕੱਲ੍ਹ ਨੂੰ ਅਸੀਂ ਜਾਂ ਸਾਡੇ ਭਾਈਚਾਰੇ ਵਿਚ ਵੀ ਅਜਿਹੇ ਨੌਜਵਾਨ ਹੋਣਗੇ ਜੋ ਕਿਸੇ ਨਾ ਕਿਸੇ ਕਿਸਮ ਨਾਲ ਬੇਰੁਜ਼ਗਾਰੀ ਆਦਿ ਦੇ ਸਤਾਏ ਹੋਏ ਦੰਗਿਆਂ ਵਿਚ ਭਾਈਵਾਲ ਹੋ ਸਕਦੇ ਹਨ। ਉਨ੍ਹਾਂ ਦੀ ਰੱਖਿਆ ਕਰਨ ਢੰਗ ਕੀ ਹੋਵੇਗਾ। ਸੋ ਤੱਤ ਰੂਪ ਵਿਚ ਇਸ ਘਟਨਾਕ੍ਰਮ ਨੂੰ ਬਰਤਾਨੀਆ ਦੇ ਸਮਾਜ ਅੰਦਰ ਪੈਦਾ ਹੋਏ ਪੂੰਜੀਵਾਦ ਦੇ ਢੰਗ ਤਰੀਕੇ ਰਾਹੀਂ ਖੜ੍ਹੀਆਂ ਹੋਈਆਂ ਦਿੱਕਤਾਂ ਨੂੰ ਸਮਝਣ ਦੀ ਜ਼ਰੂਰਤ ਹੈ ਕਿ ਕਿਸਮ ਨਾਲ ਆਰਥਿਕਤਾ ਵਿਚ ਤਬਦੀਲੀ ਕੀਤੀ ਜਾਵੇ ਤਾਂ ਕਿ ਅਜਿਹੇ ਸਮਾਜ ਦੀ ਸਿਰਜਨਾ ਹੋ ਸਕੇ ਜਿਸ ਰਾਹੀਂ ਇਸ ਕਿਸਮ ਦੇ ਦੰਗਾ ਫਸਾਦ ਨਾ ਵਾਪਰਨ।

• • •

**ਜਨਮ ਦਿਨ (29 ਸਤੰਬਰ)'ਤੇ** - ਚਨਮੀਤ

# ਨੌਜਵਾਨਾਂ ਦੇ ਉਸਤਾਦ

# ਭਗਤ ਸਿੰਘ ਦੇ ਨਾਂ ਖੁੱਲ੍ਹਾ ਖਤ

ਮੇਰੇ ਵੀਰ ਭਗਤ ਸਿੰਘ ਮੇਰੀ ਦੁਆ ਸਲਾਮ ਪ੍ਰਵਾਨ ਕਰਨੀ। ਕਿੰਨਾ ਖੁਸ਼ੀਆਂ ਵਾਲਾ ਦਿਨ ਹੋਵੇਗਾ ਕਿ ਜਿਸ ਦਿਨ 29 ਸਤੰਬਰ 1907 ਨੂੰ ਸ੍ਰ. ਕਿਸ਼ਨ ਸਿੰਘ ਦੇ ਘਰ ਆਪ ਨੇ ਜਨਮ ਲਿਆ ਅਤੇ ਚਾਚਾ ਅਜੀਤ ਸਿੰਘ ਵਰਗਿਆਂ ਦੀ ਸੰਗਤ ਵੱਡਾ ਹੋਇਆ। 20ਵੀਂ ਸਦੀ ਦੇ ਮੁਢਲੇ ਵਰ੍ਹਿਆਂ ਵਿਚ ਜਦੋਂ ਮੇਰੇ ਵੀਰ ਭਗਤ ਸਿੰਘ ਨੇ ਜਨਮ ਲਿਆ ਉਸ ਸਮੇਂ ਦੁਨੀਆ ਇਕ ਕਰਵਟ ਲੈ ਰਹੀ ਸੀ। ਇਸ ਕਿਸਮ ਦੇ ਆਲੇ ਦੁਆਲੇ ਵਿਚ ਨੌਜਵਾਨ ਵਿਕਸਿਤ ਹੋ ਰਹੇ ਸਨ ਜਿਨ੍ਹਾਂ ਨੂੰ ਘਰ ਪਰਿਵਾਰ ਅਤੇ ਸਮਾਜ ਤੋਂ ਇਕ ਸਮਾਜਿਕ ਸੋਝੀ ਵੀ ਮਿਲਦੀ ਸੀ। ਬਹੁਤ ਘਟ ਸਹੂਲਤਾਂ ਸਨ, ਬਹੁਤ ਤੰਗੀਆਂ ਤਰੁਟੀਆਂ ਸਨ, ਆਰਥਿਕ ਵਿਕਾਸ ਨਾਮਾਤਰ ਹੀ ਸੀ। ਪ੍ਰੰਤੂ ਸਮਝ, ਸੋਚ ਅਤੇ ਕੁਝ ਕਰਨ ਦੀ ਤਮੰਨਾ ਬੜੀ ਵੱਡੀ ਸੀ। ਮੇਰੇ ਵੀਰ ਭਗਤ ਸਿੰਘ ਦਾ ਉਸਤਾਦ ਕਰਤਾਰ ਸਿੰਘ ਸਰਾਭਾ ਵੀ ਬੜਾ ਲਾਇਕ ਅਤੇ ਚੰਗੀ ਸੋਝੀ ਵਾਲਾ ਨੌਜਵਾਨ ਸੀ। ਬੰਗਾਲੀ ਤਾਂ ਪਹਿਲਾਂ ਹੀ ਮੰਨੇ ਜਾਂਦੇ ਰਹੇ ਹਨ ਕਿ ਉਨ੍ਹਾਂ ਨੂੰ ਤਾਂ ਸੋਝੀ ਹੀ ਸਮਾਜ ਮਸਲਿਆਂ ਨੂੰ ਸਮਝਣ ਅਤੇ ਕੁਝ ਕਰਨ ਲਈ ਪ੍ਰੇਰਣ ਵਾਲੀ ਸ਼ਕਤੀ ਉਨ੍ਹਾਂ ਦੇ ਸ਼ਾਇਦ ਖੂਨ ਵਿਚੋਂ ਹੀ ਮਿਲਦੀ ਹੈ। ਦਰਜਨਾਂ ਨਾਂ ਅਜਿਹੇ ਗਿਣਾਇਆ ਜਾ ਸਕਦੇ ਹਨ ਜਿਨ੍ਹਾਂ ਦਾ ਭਗਤ ਸਿੰਘ ਹੋਣਾ ਨਾਲ ਸੰਪਰਕ ਰਿਹਾ ਅਤੇ ਜਿਨ੍ਹਾਂ ਨੇ ਮੇਰੇ ਵੀਰਾਂ ਨੂੰ ਬੌਧਿਕ ਪੱਧਰ ਦੀ ਸੋਝੀ ਵਿਕਸਿਤ ਕਰਨ ਵਿਚ ਯੋਗਦਾਨ ਪਾਇਆ। ਮੇਰਾ ਵੀਰ ਭਗਤ ਸਿੰਘ ਸਮਾਜ ਨੂੰ ਉਸ ਸਮੇਂ ਹੀ ਜਮਾਤਾਂ ਦੇ ਤੌਰ 'ਤੇ ਸਮਝਣ ਲੱਗ ਪਿਆ ਸੀ। ਜਮਾਤੀ ਸਮਾਜ ਦੀ ਸੋਝੀ ਮੇਰੇ ਵੀਰ ਦੀਆਂ ਲਿਖਤਾਂ ਵਿਚੋਂ ਮਿਲਦੀ ਹੈ ਅਤੇ ਮੈਂ ਕਈ ਵਾਰੀ ਸੋਚਦੀ ਹਾਂ ਕਿ 23 ਮਾਰਚ 1931 ਨੂੰ ਜੇ ਮੇਰੇ ਵੀਰ ਨੂੰ ਫਾਂਸੀ ਨਾ ਲਗਦੀ ਸ਼ਾਇਦ ਬੌਧਿਕ ਪੱਧਰ ਦਾ ਨਕਸ਼ਾ ਪੰਜਾਬ ਦੀ ਜਵਾਨੀ ਲਈ ਹੋਰ ਹੀ ਹੁੰਦਾ ਕਿਉਂਕਿ ਬਹੁਤ ਵੱਡਾ ਬੌਧਿਕ ਸੋਝੀ ਵਾਲਾ ਸਰਮਾਇਆ ਭਗਤ ਸਿੰਘ ਵਿਚ ਉਸ ਉਮਰ ਵਿਚ ਸੀ। ਹੌਲੀ ਹੌਲੀ ਇਸ ਬੌਧਿਕ ਸਰਮਾਏ ਨੇ ਵਿਕਸਿਤ ਹੋ ਕੇ ਸਮਾਜ ਨੂੰ ਸਮਝਣ ਅਤੇ ਤਬਦੀਲ ਕਰਨ ਵਾਲੇ ਹਿੱਸੇ ਵਿਚ ਨਵੀਂ ਮੁੱਲਵਾਨ ਸੋਚ ਉਤਪੰਨ ਕਰਨੀ ਸੀ। ਚਲੋ ਜੋ ਹੋਣਾ ਸੀ ਹੋ ਗਿਆ ਪ੍ਰੰਤੂ ਜਿਸ ਕਿਸਮ ਨਾਲ ਮੇਰੇ ਵੀਰ ਭਗਤ ਸਿੰਘ ਦੀ ਸੋਚ ਅਤੇ ਸਮਝ ਨੂੰ ਟੁਕੜਿਆਂ ਵਿਚ ਵੰਡਿਆ ਅਤੇ ਸਮਝਿਆ ਜਾ ਰਿਹਾ ਹੈ ਉਹ ਮੇਰੇ ਲਈ ਬੜਾ ਚਿੰਤਾ ਦਾ ਵਿਸ਼ਾ ਹੈ। ਕਿਸੇ ਨੇ ਭਗਤ ਸਿੰਘ ਨੂੰ ਨਾਸਤਿਕਤਾ ਤੱਕ ਸੰਘੇੜਕੇ ਉਸ ਨੂੰ ਸਿਰਫ਼ ਨਾਸਤਿਕਤਾ ਦੇ ਹੱਕ ਵਿਚ ਭੁਗਤਣ ਵਾਲਾ ਭਗਤ ਸਿੰਘ ਬਣਾ ਕੇ ਪੇਸ਼ ਕਰ ਦਿੱਤਾ। ਕਿਸੇ ਨੇ ਰਾਸ਼ਟਰ ਦਾ ਮਾਣ ਰੱਖਣ ਵਾਲਾ ਕੌਮੀ ਹੀਰੋ ਬਣਾ ਕੇ ਪੇਸ਼ ਕਰ ਦਿੱਤਾ ਅਤੇ ਦੇਸ਼ ਦੀ ਰੱਖਿਆ ਲਈ ਭਗਤ ਸਿੰਘ ਨੂੰ ਆਪਣਾ ਬਣਾ ਕੇ ਖੜ੍ਹਾ ਕਰ ਲਿਆ। ਕਿਸੇ ਨੇ ਭਗਤ ਸਿੰਘ ਨੂੰ ਆਪਣੀ ਜਗੀਰੂ ਕਿਸਮ ਦੀ ਸੋਚ ਵਾਂਗ



**ਭਗਤ ਸਿੰਘ**

ਦਫ਼ਨ ਨਹੀਂ ਹੁੰਦੇ ਆਜ਼ਾਦੀ ਤੇ ਮਰਨ ਵਾਲੇ
ਪੈਦਾ ਕਰਦੇ ਨੇ ਮੁਕਤੀ ਬੀਜ, ਫਿਰ ਹੋਰ ਬੀਜ ਪੈਦਾ ਕਰਨ ਨੂੰ
ਜਿਸ ਨੂੰ ਲੈ ਜਾਂਦੀ ਦੂਰ ਹਵਾ ਅਤੇ ਫਿਰ ਬੀਜਦੀ ਹੈ ਅਤੇ ਜਿਸ ਨੂੰ
ਪਾਲਣ ਪੋਸ਼ਣ ਕਰਦੇ ਹਨ ਵਰਖਾ ਜਲ ਅਤੇ ਠੰਢਕ।
ਦੇਹ ਮੁਕਤ ਜੋ ਹੋਈ ਆਤਮਾ ਉਸ ਨੂੰ ਨਾ ਕਰ ਸਕਦੇ ਭਿੰਨ-ਭਿੰਨ
ਅਸਤਰ ਸ਼ਸਤਰ ਅੱਤਿਆਚਾਰੀ ਦੇ
ਬਲਕਿ ਹੋ ਕੇ ਅਜਿੱਤ ਵਿਚਰਦੀ ਧਰਤੀ ਤੇ, ਗੁਣਗੁਣਾਉਂਦੀ,
ਬਾਤਾਂ ਪਾਉਂਦੀ, ਚੌਕਸ ਕਰਦੀ।

**(ਵਾਲਟ ਹਿਟਮੈਨ)**

ਆਪਣੇ ਮੁੱਛ ਦਾ ਹਿੱਸਾ ਬਣਾ ਕੇ ਆਪਣੇ ਨਾਲ ਭਗਤ ਸਿੰਘ ਨੂੰ ਜੋੜ ਲਿਆ। ਕਿਸੇ ਨੇ ਆਪਣੇ ਭਾਈਚਾਰੇ ਦਾ ਭਾਈ ਬਣਾ ਕੇ ਆਪਣੇ ਨਾਲ ਜਾਤੀ ਪੱਧਰ 'ਤੇ ਜੋੜ ਲਿਆ। ਰਹਿੰਦੀ-ਖੂੰਹਦੀ ਕਸਰ ਕਿਸੇ ਨੇ ਉਸ ਸਮੇਂ ਵਾਪਰੀਆਂ ਘਟਨਾਵਾਂ ਜੇਲ੍ਹ ਦੇ ਅੰਦਰ ਅਤੇ ਜੇਲ੍ਹ ਤੋਂ ਪਹਿਲਾਂ ਨੂੰ ਆਧਾਰ ਬਣਾ ਕੇ ਧਰਮੀ ਅਤੇ ਅਧਰਮੀ ਦੇ ਪਾੜੇ ਵਿਚ ਭਗਤ ਸਿੰਘ ਨੂੰ ਸ਼ਾਮਲ ਕਰ

ਲਿਆ। ਇਸ ਤਰ੍ਹਾਂ ਭਗਤ ਸਿੰਘ ਦੀ ਅਸਲ ਰੂਹ ਨੂੰ ਖਾਰਜ ਕਰਕੇ ਉਸ ਨੂੰ ਆਪਣੀ ਸੋਚ ਅਨੁਸਾਰ ਜਿੰਨਾ ਕੁ ਕਿਸੇ ਨੂੰ ਭਗਤ ਸਿੰਘ ਕੰਮ ਦਿੰਦਾ ਹੈ ਉਸ ਤਰ੍ਹਾਂ ਨੂੰ ਉਹ ਵਰਤ ਲੈਂਦਾ ਹੈ ਪਰ ਮੇਰੇ ਲਈ ਮੇਰਾ ਭਗਤ ਸਿੰਘ ਇਕ ਅਲੱਗ ਕਿਸਮ ਦਾ ਇਨਸਾਨ ਹੈ ਜਿਸ ਦੇ ਸੋਚਣ ਢੰਗ ਵਿਚੋਂ ਮੈਂ ਬੜਾ ਕੁਝ ਸਿੱਖ ਰਹੀ ਹਾਂ ਜਾਂ ਸਿੱਖਿਆ ਹੈ। ਭਗਤ ਸਿੰਘ ਰਾਜਨੀਤੀ ਦੇ ਹਰੇਕ ਘਟਨਾਕ੍ਰਮ ਨੂੰ ਅਤੇ ਸਮਾਜ ਅੰਦਰ ਹਰ ਕਿਸਮ ਦੇ ਜਾਤੀ, ਧਾਰਮਿਕ ਅਤੇ ਆਰਥਿਕ ਵਿਰੋਧਤਾਈਆਂ ਕਾਰਨ ਉਤਪੰਨ ਹੋ ਰਹੇ ਟਕਰਾਵਾਂ ਨੂੰ ਇਕ ਸਹੀ ਸੋਝੀ ਦੇ ਤੌਰ 'ਤੇ ਵਿਕਸਿਤ ਕਰਦਾ ਹੈ ਭਗਤ ਸਿੰਘ ਦੀ ਹਰੇਕ ਲਿਖਤ ਇਕ ਅਜਿਹਾ ਸਥਿਤੀਆਂ ਦਾ ਮਾਹੌਲ ਸਿਰਜਦੀ ਹੈ ਅਤੇ ਸਮਝ ਪ੍ਰਦਾਨ ਕਰਦੀ ਹੈ ਜਿਸ ਰਾਹੀਂ ਅੱਜ ਦੇ ਸਮਾਜ ਨੂੰ ਸਮਝਣ ਦਾ ਢੰਗ ਵੀ ਵਿਕਸਿਤ ਕਰਨ ਵਿਚ ਯੋਗਦਾਨ ਪਾਉਂਦੀ ਹੈ।



**ਸ੍ਰ. ਭਗਤ ਸਿੰਘ ਦੀ ਪਹਿਲੀ ਗ੍ਰਿਫ਼ਤਾਰੀ ਦੌਰਾਨ ਲਾਹੌਰ ਰੇਲਵੇ ਸਟੇਸ਼ਨ ਨੇੜਲੀ ਹਵਾਲਾਤ ਵਿਚ ਡੀ.ਐਸ.ਪੀ.(ਸੀ.ਆਈ.ਡੀ.) ਸ੍ਰ.ਗੋਪਾਲ ਸਿੰਘ ਪੰਨੂ ਪੁੱਛਗਿੱਛ ਕਰਦਾ ਹੋਇਆ।**

ਮੇਰਾ ਵੀਰ ਭਗਤ ਸਿੰਘ ਜੋ ਨੌਜਵਾਨਾਂ ਲਈ ਇਕ ਸੋਝੀ ਪ੍ਰਦਾਨ ਕਰਦਾ ਹੈ ਉਹ ਸ਼ਾਇਦ ਅਜੋਕੇ ਨੌਜਵਾਨ ਹਾਸਲ ਹੀ ਨਹੀਂ ਕਰ ਰਹੇ। ਸਿਰਫ਼ ਭਗਤ ਸਿੰਘ ਦੇ ਨਾਂ 'ਤੇ ਗੱਲ ਕਰਨੀ ਉਸ ਨੂੰ ਯਾਦ ਕਰਨਾ ਅਤੇ ਉਸ ਪ੍ਰਤੀ ਸ਼ਰਧਾ ਅਰਪਿਤ ਕਰਨਾ ਹੀ ਭਗਤ ਸਿੰਘ ਪ੍ਰਤੀ ਸੋਚ ਵਿਕਸਿਤ ਕਰਨ ਦਾ ਆਧਾਰ ਨਹੀਂ ਹੈ। ਮੇਰਾ ਦਿਲ ਕਰਦਾ ਹੈ ਕਿ ਮੈਂ ਆਪਣੇ ਵੀਰ ਭਗਤ ਸਿੰਘ ਨੂੰ ਵਾਪਸ ਧਰਤੀ 'ਤੇ ਬੁਲਾਵਾਂ ਅਤੇ ਕਹਾਂ ਕਿ ਇਹ ਨੇ ਤੇਰੇ ਨੌਜਵਾਨ ਜੋ ਪੂੰਜੀ ਦੇ ਵਹਾਅ ਨੇ ਸੋਚ ਅਤੇ ਸਮਝ ਦੇ ਪੱਧਰ 'ਤੇ ਬੜੇ ਗਰੀਬ ਕਰ ਦਿੱਤੇ ਹਨ ਜਿਨ੍ਹਾਂ ਵਿਚ ਹੁਣ ਵਿਚਾਰਾਂ ਨੂੰ ਸਮਝਣ ਅਤੇ ਤਾਕਤਵਰ ਕਰਨ ਦੀ ਕੋਈ ਚਿੰਣਗ ਨਹੀਂ ਹੈ। ਜਿਹੜੇ ਸਿਰਫ਼ ਚੰਦ ਪਲਾਂ ਦੀਆਂ ਖਪਤੀ ਗੱਲਾਂ ਬਾਤਾਂ ਅਤੇ ਸ਼ੌਕਾਂ ਵਿਚ ਲੀਨ ਰਹਿੰਦੇ ਹਨ ਕਿਸੇ ਹੀਰ ਰਾਂਝੇ ਦੀ ਝੂਠੀ ਸੱਚੀ ਕਹਾਣੀ ਦੇ ਅੱਕੇ-ਥੱਕੇ ਆਪਣੇ ਆਪ ਨੂੰ ਸਦਾ ਦੀ ਨੀਂਦ ਸਲਾ ਲੈਂਦੇ ਹਨ। ਭਗਤ ਸਿੰਘ ਤੂੰ ਕਦੀ ਸੁਪਨੇ ਵਿਚ ਵੀ ਨਹੀਂ ਸੋਚ ਸਕਦਾ ਕਿ ਰੋਜ਼ਮਰਾ ਦੀਆਂ ਅਖਬਾਰਾਂ ਕਿੰਨੇ ਅਜਿਹੇ ਨੌਜਵਾਨਾਂ ਨੂੰ ਆਤਮ ਹੱਤਿਆਵਾਂ ਦੇ ਰੂਪ ਵਿਚ ਸਾਹਮਣੇ ਲਿਆ ਰਹੀਆਂ ਹਨ। ਜਿਹੜੇ ਜ਼ਿੰਦਗੀ ਦੇ ਹਾਲੇ ਬਹੁਤ ਹੀ ਮੁਢਲੇ ਪੜਾਵਾਂ ਵਿਚ ਹੁੰਦੇ ਹਨ ਜਿਨ੍ਹਾਂ ਨੇ ਅਜੇ ਆਪਣੀ ਜ਼ਿੰਦਗੀ ਦੀ ਪਹਿਲੀ ਪੌੜੀ ਵੀ ਨਹੀਂ ਚੜ੍ਹੀ ਹੁੰਦੀ ਆਪਣੇ ਆਪ ਨੂੰ ਅਲਵਿਦਾ ਕਹਿ ਲੈਂਦੇ ਹਨ। ਇਹ ਤਰਾਸਦੀਆਂ ਦੇਖ ਕੇ ਮੈਨੂੰ ਇੰਝ ਜਾਪਦਾ ਹੈ ਕਿ ਸ਼ਾਇਦ ਬੌਧਿਕ ਪੱਧਰ 'ਤੇ ਨੌਜਵਾਨ ਬਹੁਤ ਗਰੀਬ ਹੋ ਗਏ ਹਨ। ਉਨ੍ਹਾਂ ਨੂੰ ਆਪਣੀ ਅਤੇ ਸਮਾਜ ਦੀ ਸਮਝਦਾਰੀ ਬਹੁਤ ਥੋੜ੍ਹੀ ਹੈ। ਉਹ ਹੁਣ ਚੰਦ ਪਲਾਂ ਤੱਕ ਸੋਚਦੇ ਹਨ ਅਤੇ ਉਸ ਅਨੁਸਾਰ ਫੈਸਲਾ ਲੈ ਲੈਂਦੇ ਹਨ। ਇਨ੍ਹਾਂ ਸਾਰੀਆਂ ਘਟਨਾਵਾਂ ਦੇ ਸੰਦਰਭ ਵਿਚ ਜਦੋਂ ਮੈਂ ਤੇਰੀਆਂ ਲਿਖਤਾਂ ਨੂੰ ਵਾਚਦੀ ਹਾਂ ਜਿਨ੍ਹਾਂ ਵਿਚ ਤੂੰ ਦਰਜ ਕੀਤਾ ਸੀ ਕਿ ਅਜਿਹੇ ਦਰਜਨਾਂ ਸੈਂਕੜੇ ਨੌਜਵਾਨ ਚਾਹੀਦੇ ਹਨ ਜੋ ਗਰੀਬਾਂ ਦੀਆਂ ਝੁੰਗੀਆਂ ਵਿਚ ਆਪਣਾ ਜੀਵਨ ਬਸਰ ਕਰਨਗੇ ਅਤੇ ਉਨ੍ਹਾਂ ਦੀ ਬੌਧਿਕ ਪਕਿਆਈ ਕਰਨਗੇ ਅਤੇ ਉਨ੍ਹਾਂ ਨੂੰ ਇਕ ਨਰੋਏ ਸਮਾਜ ਦੀ ਚੇਟਕ ਲਾਉਣਗੇ ਪਰ ਮੇਰੇ ਵੀਰ ਭਗਤ ਸਿੰਘ ਇਥੇ ਤਾਂ ਸਭ ਉਲਟ ਪੁਲਟ ਹੋਇਆ ਪਿਆ ਹੈ। ਇਥੇ ਤਾਂ ਦੰਗੇ ਫਸਾਦ, ਚੋਰੀ ਡਾਕੇ ਅਤੇ ਜਾਅਲੀ ਡਿਗਰੀਆਂ ਨਾਲ ਉਲਝੇ ਅਤੇ ਫਸੇ ਪਏ ਨੌਜਵਾਨਾਂ ਦੇ ਪੂਰਾਂ ਦੇ ਪੂਰ ਵਿਕਸਿਤ ਹੋ ਰਹੇ ਹਨ। ਮੈਂ ਕਈ ਵਾਰੀ ਅਜਿਹੀ ਸਥਿਤੀ ਨੂੰ ਦੇਖ ਕੇ ਰਾਤ ਨੂੰ ਵੀ ਜਾਗ ਪੈਂਦੀ ਹਾਂ ਕਿ ਕੀ ਬਣੇਗਾ ਕਿ ਇਸ ਧਰਤੀ ਦਾ ਜਿਸ ਧਰਤੀ ਉਪਰ ਆਧੁਨਿਕ ਕਿਸਮ ਦੀਆਂ ਸੁਵਿਧਾਵਾਂ ਵਾਲੀ ਹਰ ਸ਼ੈਅ ਕਿਰਤ ਕਰਨ ਵਾਲਿਆਂ ਨੇ ਪੈਦਾ ਕੀਤੀ ਹੈ ਵਿਗਿਆਨੀਆਂ ਨੇ ਆਪਣੀਆਂ ਖੋਜਾਂ ਦੇ ਆਧਾਰਿਤ ਮਾਨਵੀ ਜੀਵਨ ਨੂੰ ਅਸਾਨ ਬਣਾ ਦਿੱਤਾ ਹੈ। ਇਹ ਤੇਰੇ ਸਮਿਆਂ ਵਿਚ ਨਹੀਂ ਸੀ ਹੁੰਦਾ। ਇਹ ਮੈਨੂੰ ਹੀ ਸੁਭਾਗ ਹਾਸਲ ਹੈ। ਮੈਂ ਫਿਰ ਵੀ ਹਕੀਕਤ ਨੂੰ ਸਮਝਦੀ ਹੋਈ ਇਕ ਗੱਲ ਤੇਰੇ ਨਾਲ ਕਰਨਾ ਚਾਹੁੰਦੀ ਹੈ ਕਿ ਤੇਰੇ ਵਰਗੀ ਸੋਝੀ ਅਤੇ ਲਿਆਕਤ ਇਕ ਦਿਨ ਨਾਲ ਨਹੀਂ ਆਉਂਦੀ ਇਸ ਵਿਚ ਕਿੰਨੇ ਹੀ ਕਿਸਮ ਦੀ ਦਿਮਾਗੀ ਕਸਰਤ ਕਰਨੀ ਪੈਂਦੀ ਹੈ। ਕਿਤਾਬਾਂ ਵਿਚੋਂ ਗੁਜ਼ਰਨਾ ਪੈਂਦਾ ਹੈ, ਮੁਲਕਾਂ ਦੀਆਂ ਕਹਾਣੀਆਂ ਪੜ੍ਹਨੀਆਂ ਪੈਂਦੀਆਂ ਹਨ ਅਤੇ ਬਗਾਵਤਾਂ ਨੂੰ ਸਮਝਣਾ ਪੈਂਦਾ ਹੈ ਇਸ ਸੋਝੀ ਵਿਚ ਤੂੰ ਸਾਡਾ ਉਸਤਾਦ ਸੀ ਜਿਸ ਨੇ ਛੋਟੀ ਉਮਰ ਵਿਚ ਹੀ ਦੂਰ ਦੇ ਵੱਡੇ ਵੱਡੇ ਵਿਦਵਾਨਾਂ ਨੂੰ ਆਪਣਾ ਹਿੱਸਾ ਬਣਾ ਲਿਆ ਸੀ। ਲਾਹੌਰ ਦੀ ਦੀਵਾਰਕਾ ਲਾਇਬ੍ਰੇਰੀ ਤੇਰਾ ਹਿੱਸਾ ਸੀ ਉਥੋਂ ਜਾਰੀ ਹੋਈਆਂ ਕਿਤਾਬਾਂ ਤੇਰਾ ਕੱਦ ਉਚਾ ਕਰਦੀਆਂ ਨੇ। ਉਨ੍ਹਾਂ ਸਮਿਆਂ ਨੂੰ ਯਾਦ ਕਰਾਉਂਦੀਆਂ ਨੇ ਕਿ ਜਦੋਂ ਵਕਤ ਮਾੜੇ ਹੋਣ ਉਸ ਸਮੇਂ ਹੌਸਲੇ ਨਹੀਂ ਗਿਰਾਈ ਦੇ ਬਲਕਿ ਉਹੀ ਤਾਂ ਸਮੇਂ ਹੁੰਦੇ ਹਨ ਜਿਨ੍ਹਾਂ ਵਿਚ ਇਨਸਾਨ ਅਤੇ ਹੈਵਾਨ ਦੀ ਪਰਖ ਹੁੰਦੀ ਹੈ। ਮੈਂ ਆਪਣੇ ਭਰਾ ਨਾਲ ਵਾਅਦਾ ਕਰਦੀ ਹਾਂ ਕਿ ਜ਼ਿੰਦਗੀ ਦੀਆਂ ਹਕੀਕਤਾਂ ਨੂੰ ਸਮਝ ਕੇ ਇਸ ਵਿਚ ਨਵਾਂ ਮੋੜ ਦੇਣ ਲਈ ਤੇਰੀ ਵਰਗੀ ਬੌਧਿਕ ਸ਼ਕਤੀ ਹਾਸਲ ਕਰਨ ਲਈ ਦੂਰ ਤੱਕ ਦੇ ਗਿਆਨ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਵਾਂਗੀ ਅਤੇ ਜਿਥੋਂ ਤੱਕ ਮੇਰੀ ਸੋਚ ਅਤੇ ਮੇਰੀ ਕਲਮ ਜਾਂਦੀ ਹੋਈ ਉਥੇ ਤੱਕ ਮੈਂ ਇਸ ਨਾਲ ਵਾਰ ਕਰਾਂਗਾ। ਆਖਿਰ ਮੈਂ ਵੀ ਤਾਂ ਇਕ ਤੇਰੀ ਪ੍ਰੰਪਰਾ ਦੀ ਕੜੀ ਹਾਂ ਜੋ ਇਤਿਹਾਸ ਦੇ ਕਿਸੇ ਪੜਾਅ 'ਤੇ ਖੜ੍ਹੀ ਹੈ।

– ਤੇਰੀ ਭੈਣ

- ਦਰਸ਼ਨ ਖਟਕੜ

# ਜੇ ਛਾਉਣੀਆਂ ਬਣਾ ਲੈਂਦੇ



*ਦਰਸ਼ਨ ਖਟਕੜ ਪੰਜਾਬੀ ਖੇਤਰ ਦੀ ਬਹੁਪੱਖੀ ਸ਼ਖਸੀਅਤ ਹੈ ਜੋ ਲੰਬੇ ਸਮੇਂ ਤੋਂ ਬੜੀ ਸਹਿਜਤਾ ਅਤੇ ਸੰਤੁਲਿਤ ਰਹਿ ਕੇ ਸਮਾਜਿਕ ਮਸਲਿਆਂ ਉਪਰ ਆਪਣਾ ਸਥਾਨ ਸਥਾਪਤ ਕਰ ਚੁੱਕੀ ਹੈ। ਸਮਾਜ ਦੀ ਤੋਰ ਨੂੰ ਇਕ ਲੋਕਪੱਖੀ ਦ੍ਰਿਸ਼ਟੀਕੋਣ ਤੋਂ ਦਰਸ਼ਨ ਖਟਕੜ ਕੋਲ ਸਿਰਫ ਕਲਾਕਾਰੀ ਹੀ ਨਹੀਂ ਬਲਕਿ ਇਕ ਸੋਝੀ ਵੀ ਹੈ। ਇਸ ਸੋਝੀ ਵਿਚ ਸ਼ਾਨਦਾਰ ਮਾਨਵੀ ਭਵਿੱਖ ਦੀ ਸਿਰਜਨਾ ਲਈ ਇਕ ਸੁਪਨਾ ਵੀ ਹੈ ਜੋ ਉਸ ਦੀ ਸੋਚ ਨੂੰ ਭਵਿੱਖ ਪ੍ਰਤੀ ਬੜਾ ਸੰਜੀਦਾ ਬਣਾਉਂਦੀ ਹੈ। ਉਪਰੋਕਤ ਕਵਿਤਾ ਜਿਥੇ ਪੰਜਾਬ ਦੀ ਸਮਾਜਿਕ ਤਰਾਸਦੀ ਨੂੰ ਬਿਆਨਦੀ ਹੈ ਉਥੇ ਦੋ ਪੰਜਾਬਾਂ ਨੂੰ ਇਕ ਪੰਜਾਬ ਵਿਚ ਪਲਟਣ ਦੀ ਚਾਹਨਾ ਵੀ ਉਤਪੰਨ ਕਰਦੀ ਹੈ।*

ਜੇ ਛਾਉਣੀਆਂ ਬਣਾ ਲੈਂਦੇ
ਤਾਂ ਛਾਨਣੀ ਛਾਨਣੀ ਹੋਣੋਂ ਬਚੇ ਰਹਿੰਦੇ।

ਬਚ ਜਾਂਦੇ ਸੜਕ ਹਾਦਸੇ ਦਾ ਕੋਈ ਮਨਹੂਸ ਅੰਕੜਾ ਬਣਨੋਂ
ਬਚ ਜਾਂਦੇ ਮਾਰੂ-ਰੋਗਾਂ ਨਾਲ ਲੜਨ ਦੇ
ਤਗਮਿਆਂ ਦਾ ਤੌਕ ਗਲ੍ਹ ਪਾਉਣੋਂ
ਬਚ ਜਾਂਦੇ ਜੁਆਨ ਪੁੱਤਾਂ ਦੀ ਨਸ਼ੇ-ਝੰਬੀ ਜਿੰਦ ਨੂੰ
ਤੂੰਬਾ-ਤੂੰਬਾ ਟੁੱਟਦੀ ਤੱਕਣੋਂ
ਬਚ ਜਾਂਦੇ ਆਤਮਘਾਤ ਕਰ ਗਏ ਜੁਆਨ ਮੁੰਡਿਆਂ ਦੇ
ਸਿਵਿਆਂ ਦੀ ਸੁਆਹ ਨੂੰ ਉਮਰ ਭਰ ਅੱਖਾਂ 'ਚ ਢੋਣੋਂ
ਯਾਰਾਂ ਨੂੰ ਆਤਮਘਾਤ ਦੀ ਕਰੰਟੀ ਤਾਰ ਨਾਲ
ਜੱਫ਼ੀ ਪਾਉਂਦਿਆਂ ਤੱਕਣੋਂ
ਬਚ ਜਾਂਦੇ ਸਕੀਰੀਆਂ ਵਿਚ
ਸਲਫ਼ਾਸ ਸ਼ਿਕਾਰਾਂ ਦੇ ਪਿੰਜਰ ਗਿਣਨੋਂ
ਜੇ ਜਰਨੈਲੀ ਸੜਕ 'ਤੇ
ਛਾਉਣੀਆਂ ਦੇ ਸੰਕੇਤ ਦਰਜ ਕਰ ਲੈਂਦੇ
ਸ਼ਹੀਦਾਂ ਦੀ ਸੂਚੀ ਬੇਸ਼ੱਕ ਫੈਲਦੀ ਜਾਂਦੀ ਜੰਗ ਦੀ ਤਪਸ਼ ਖਾ ਕੇ
ਜੰਗਹੀਣ ਮੁਰਦਿਆਂ ਜਾਂ ਅਪਾਹਜਾਂ ਦੀ ਸੂਚੀ
ਕਿਸੇ ਖੂੰਜੇ ਰੁਲੀ ਰਹਿੰਦੀ
ਜੇ ਛਾਉਣੀਆਂ ਬਣਾ ਲੈਂਦੇ
ਤਾਂ ਛਾਨਣੀ ਛਾਨਣੀ ਹੋਣੋਂ ਬਚੇ ਰਹਿੰਦੇ

ਬਚ ਜਾਂਦੇ ਮੈਦਾਨੇ ਜੰਗਲ ਵਿਚ
ਕੜਕਦੇ ਹੁਕਮ-ਜੋਗੇ ਬੋਲਾਂ ਦੇ ਗਲ੍ਹ
ਸ਼ਰੀਕਾਂ ਨਾਲ ਕੁਬੋਲਾਂ ਦੇ ਛਿੱਤਰ ਪਾਉਣੋਂ
ਜਾਂ ਬੰਦੂਕਾਂ ਵਾਹੁਣ ਜੋਗੇ ਮਾਸ ਪੱਠਿਆਂ ਦੀ
ਸ਼ਰੀਕਾਂ ਉਪਰ ਡਾਂਗਾਂ ਚੁੱਕ-ਚੁੱਕ ਕੇ ਬੇਅਦਬੀ ਕਰਨੋਂ
ਬਚ ਜਾਂਦੇ ਸੰਸਾਰ-ਗੁੰਝਲਾਂ ਖੋਲ੍ਹਦੀ ਸਿਰਜਕ ਸੁਰਤੀ ਤੋਂ
ਪਰਵਾਸ ਦੀਆਂ ਵਗਾਰਾਂ ਕਰਵਾਉਣੋਂ
ਬਚ ਜਾਂਦੇ ਲੰਬਾ ਕੂਚ ਕਰਨ ਜੋਗੀਆਂ ਲੱਤਾਂ ਨੂੰ
ਪਿੰਡ ਦੀ ਫਿਰਨੀ ਦਾ ਨਾਗ-ਵਲ੍ਹ ਪਾਉਣੋਂ
ਬਚ ਜਾਂਦੇ ਆਪਣੇ ਘਰ ਆਪਣੇ ਗਰਾਂ ਵਿਚ
ਗਰੁਤਾ ਹੀਣ ਜਿਹੀ ਕੋਈ ਚੀਜ਼ ਬਣ ਜਾਣੋਂ
ਜਾਂ ਪਿੰਡ ਦੇ ਸਮਸ਼ਾਨਘਾਟ ਵਿਚ
ਆਪਣੇ ਲਈ ਥਾਂ ਯਕੀਨੀ ਬਣਾ ਲੈਣੋਂ
ਜੇ ਛਾਉਣੀਆਂ ਬਣਾ ਲੈਂਦੇ
ਤਾਂ ਛਾਨਣੀ ਛਾਨਣੀ ਹੋਣੋਂ ਬਚੇ ਰਹਿੰਦੇ

ਬਚ ਜਾਂਦੇ ਦੁਸ਼ਮਣ ਦੇ ਏਜੰਡੇ ਦੀ
ਵਾਰ ਵਾਰ ਫੇਟ ਖਾ ਕੇ
ਖਤਾਨਾਂ 'ਚ ਲੁੜਕ ਕੇ ਹੱਡ ਤੁੜਵਾ ਲੈਣੋਂ
ਜਾਂ ਦੁਸ਼ਮਣਾਂ ਦੇ ਤੇਜ਼ ਰਫ਼ਤਾਰੇ ਵਾਹਨਾਂ ਸੌਂਹੇ
ਆਪਣੇ ਹੱਥ-ਰੇੜ੍ਹਿਆਂ ਨੂੰ ਫੁੱਟਪਾਥਾਂ 'ਤੇ ਧੱਕੀ ਫਿਰਨੋਂ
ਬਚ ਜਾਂਦੇ ਸਦਭਾਵਨਾ, ਏਕਤਾ
ਕਦੇ ਅਮਨ-ਅਮਾਨਾਂ ਦੀਆਂ ਹੇਕਾਂ ਲਾ ਕੇ
ਆਪ ਹੀ ਆਪਣੇ ਦੀਪਕ ਰਾਗ ਦੇ ਸਰੋਤੇ ਬਣੀ ਫਿਰਨੋਂ
ਬਚ ਜਾਂਦੇ ਲਗਾਤਾਰ ਮੰਗ ਪੱਤਰ ਲਿਖ ਲਿਖ ਕੇ
ਮੁਨਸ਼ੀਗਿਰੀ ਦੀ ਮੁਹਾਰਤ ਹਾਸਲ ਕਰਨੋਂ
ਜਾਂ ਮਹਾਂਬਲੀ ਪਵਨ ਪੁੱਤਰ ਲੋਕਾਈਨੂੰ
ਕਾਨੂੰਨ ਮਰਿਆਦਾ ਦੇ ਕੱਚੇ ਧਾਗੇ ਨਾਲ ਬੰਨ੍ਹ ਕੇ ਰੱਖਣੋਂ
ਜੇ ਛਾਉਣੀਆਂ ਬਣਾ ਲੈਂਦੇ
ਤਾਂ ਛਾਨਣੀ ਛਾਨਣੀ ਹੋਣੋਂ ਬਚੇ ਰਹਿੰਦੇ

ਛਾਉਣੀਆਂ ਹਾਲਾਂ ਨਹੀਂ ਬਣੀਆਂ ਫ਼ੌਜੀ ਯਾਰਾ
ਪਰ ਛਾਉਣੀਆਂ ਲਈ ਮੋਹ ਲਈ ਮਰਦਾ
ਤੇ ਛਾਉਣੀਆਂ ਬਾਝੋਂ ਮੂਲੋਂ ਨਹੀਂ ਮਰਦਾ
ਅਸੀਂ ਆਪਣੀਆਂ ਛਾਉਣੀਆਂ ਦੇ ਨਕਸ਼ੇ ਬੜੇ ਗਾਹੇ
ਮੁੜ ਮੁੜ ਜਿਨ੍ਹਾਂ ਨੂੰ ਝੀਝਦੇ ਹਾਂ

ਰੱਜ ਰੱਜ ਜਿਨ੍ਹਾਂ ’ਤੇ ਰੀਝਦੇ ਹਾਂ
ਪਰ ਨਕਸ਼ੇ ਤਾਂ ਆਖ਼ਰ ਨਕਸ਼ੇ ਹੀ ਨੇ ਹੁੰਦੇ
ਇਮਾਰਤ ਨਹੀਂ ਬਣਦੇ
ਉਧਰ ਇਮਾਰਤ ਦੇਖਣ ਦੀ ਕਸਕ
ਬਿਰਹਾ ਦੀ ਕਸਕ ਤੋਂ ਘੱਟ ਨਹੀਂ
ਨਾ ਇਮਾਰਤ ਬਣਦੀ
ਨਾ ਕਸਕ ਹੀ ਘਟਦੀ
ਨਾ ਬਿਰਹਾ ਜਾਨ ਹੀ ਛੱਡਦੀ
ਨਾ ਵਸਲਾਂ ਦਾ ਸੁਆਗਤ ਆ ਰਿਹੈ ਹਿੱਸੇ

ਬੇ-ਵਜ੍ਹਾ ਨਹੀਂ ਯਾਰਾ
ਕਿ ਤੇਰਾ ਮੈਂ ਕਦੇ ਦਰ ਨਹੀਂ ਭੁੱਲਿਆ
ਤੇਰੇ-ਮੇਰੇ ਜਿਸਮਾਂ ਵਿਚ ਦੌੜਦੇ
ਕਾਮੇ-ਬਾਪ ਦੇ ਖ਼ੂਨ ਦਾ ਚਰਿੱਤਰ ਨਹੀਂ ਭੁੱਲਿਆ
ਤੇਰੇ ਮੇਰੇ ਸੰਗਮ ਦਾ ਕਦੇ ਮੰਤਰ ਨਹੀਂ ਭੁੱਲਿਆ
ਦੁਸ਼ਮਣ ਦੀ ਅਰਦਲ ਵਿਚ ਖੜਾ ਮਿੱਤਰ ਨਹੀਂ ਭੁੱਲਿਆ
ਤੂੰ ਦੁਸ਼ਮਣ ਏਂ ਜੇ ਲੀਕ ਦੇ ਉਸ ਪਾਰ
ਤੂੰ ਦੋਸਤ ਏਂ ਜੇ ਲੀਕ ਦੇ ਇਸ ਪਾਰ
ਮੈਂ ਤੈਨੂੰ ਸਦਾ ਮੋਹ ਲੈਣਾ ਚਾਹਿਆ
ਦੁਸ਼ਮਣਾਂ ਕੋਲੋਂ ਤੈਨੂੰ ਖੋਹ ਲੈਣਾ ਚਾਹਿਆ
ਮੈਂ ਤੇਰੇ ਵਲ ਔਲ੍ਹਦਾ ਹਾਂ
ਜਿਉਂ ਕੋਈ ਉਦਰਾਇਆ ਬੱਚਾ ਘਰ ਨੂੰ ਔਲ੍ਹਦਾ ਹੋਵੇ
ਦਿਲ ਵਿਚ ਗੁਦਗੁਦੀ ਮੁਹੱਬਤ ਕੁੜੀ ਦੇ
ਕਰਾਰ ’ਤੇ ਪੁੱਜਣ ਵਾਂਗਰਾਂ ਮਚਦੇ
ਟਿੱਲਿਆਂ, ਝਾੜੀਆਂ, ਡੀਂਡਿਆਂ ਵਿਚ ਸਜੀ ਬੈਠੀ
ਕੱਚੇ ਭਿੱਤਾਂ ਤੇ ਕੰਡਿਆਲੀ ਤਾਰ ਦੇ ਪਹਿਰੇ ’ਚ ਕੀਲੀ ਗਈ
ਤੇਰੀ ਛਾਉਣੀ ਦਾ ਜਦ ਮੁੱਖ ਦੁਆਰ ਲੰਘ ਜਾਂਦਾ
ਤਾਂ ਸੱਚੀਂ ਜਾਪਦਾ ਕਿ ਜਿਵੇਂ ਸਾਹਿਬਾਂ ਵਰ ਲਈ ਹੋਵੇ
ਜਿਵੇਂ ਮਾਣ ਮੇਰਾ ਉਚੀ ਖਜੂਰੇ ਚੜ੍ਹ ਗਿਆ ਹੋਵੇ
ਜੰਗ ਦਾ ਤਾਲ ਜਿਉਂ ਆ ਕੇ ਪੈਰੀਂ ਵੜ ਗਿਆ ਹੋਵੇ
ਜਿਵੇਂ ਜਾ ਕਾਲ ਦੁਸ਼ਮਣ ਦੇ ਸਿਰ੍ਹਾਣੇ ਖੜ੍ਹ ਗਿਆ ਹੋਵੇ

ਪਰ ਫ਼ੌਜੀ ਯਾਰਾ
ਮੇਰੇ ਸੰਸੇ ਮੇਰੇ ਤੇਰੇ ਘਰ ਦੇ ਫ਼ਿਕਰ ਬਣ ਕੇ
ਮੇਰੇ ਨਾਲ ਆ ਖੜ੍ਹਦੇ
ਹਰ ਇਕ ਸੰਸੇ ਦਾ ਰੰਦਾ
ਮੇਰੇ ਮਨ ਤੋਂ ਚੈਨ ਦੀ ਚਿੱਪਰ ਲਾਹ ਲੈ ਜਾਵੇ....
ਮੈਂ ਖੌਲਦਾ ਵੀ ਤੇ ਖੁਰਦਾ ਵੀ
ਮੈਂ ਰੁਕਦਾ ਵੀ ਤੇ ਤੁਰਦਾ ਵੀ
ਮੈਂ ਜੁੜਦਾ ਵੀ ਤੇ ਭੁਰਦਾ ਵੀ
ਮੈਂ ਰਚਦਾ ਵੀ ਤੇ ਝੁਰਦਾ ਵੀ
ਸਦਾ ਹੀ ਚਿਤਵਾਂ ਯਾਰਾ
ਤੇਰੀ ਛਾਉਣੀ ਮੇਰੀ ਛਾਉਣੀ ਦਾ
ਕਾਸ਼ ਕਿ ਸੰਗਮ ਹੋਵੇ
ਤਪਸ਼ ਮਾਰੀ ਲੁਕਾਈ ਆਪਣੀ
ਤਪਸ਼, ਮੈਲ, ਦਲਿੱਦਰ ਧੋਵੇ
ਕਿਸੇ ਪਰਿਯਾਗ ਤੇ ਐਸਾ ਅਦੁੱਤੀ ਮਹਾਂਕੁੰਭ ਹੋਵੇ
ਫੇਰ ਖੇਤਾਂ ’ਚ ਹਰਿਆਲੀ ਜਾਗੇ
ਇਹ ਜੀਵਨ-ਮੁਕਤ ਹੋਵੇ
ਆਵੱਸ਼ ਹੋਵੇ ਜਲਦ ਹੋਵੇ
ਜੇ ਛਾਉਣੀਆਂ ਬਣ ਜਾਣ
ਤਾਂ ਕੀ ਪਤਾ ਕੀ
ਕੀ ਕੀ ਕ੍ਰਿਸ਼ਮਾ ਹੋਵੇ

## ਮੇਰਾ ਗੁਲਾਮ ਜੀਵਨ

*ਫੁੱਲਾਂ ਦੀਆਂ ਸੇਜਾਂ ਉਥੇ ਸੌਣ ਨੂੰ ਦਿਲ ਨਹੀਂ ਕਰਦਾ*
*ਸ਼ਗਨਾਂ ਦੀਆਂ ਤਰਬਾਂ ਵੱਜਣ, ਗਾਉਣ ਨੂੰ ਦਿਲ ਨਹੀਂ ਕਰਦਾ*
*ਚੰਦਾਂ ਦੀਆਂ ਚਾਨਣੀਆਂ ਦੇ, ਚਾਨਣ ਨੂੰ ਦਿਲ ਨਹੀਂ ਕਰਦਾ*
*ਸੁੰਦਰੀ ਦਾ ਜੋਬਨ ਡੁਲ੍ਹਦਾ, ਮਾਨਣ ਨੂੰ ਦਿਲ ਨਹੀਂ ਕਰਦਾ*
*ਪੁਤਰਾ ਦੇ ਲਾਡ ਨੇ ਰੋਂਦੇ, ਚੁੱਕਣ ਨੂੰ ਦਿਲ ਨਹੀਂ ਕਰਦਾ*
*ਭਾਈਆਂ ਦੀਆਂ ਬਾਲ੍ਹਾਂ ਬਾਹਾਂ, ਤਕਣ ਨੂੰ ਦਿਲ ਨਹੀਂ ਕਰਦਾ*
*ਸੋਨੇ ਦੇ ਮਹਿਲਾਂ ਅੰਦਰ ਵੱਸਣ ਨੂੰ ਦਿਲ ਨਹੀਂ ਕਰਦਾ।*
*ਚਾਂਦੀ ਦੇ ਥਾਲਾਂ ਅੰਦਰ, ਖਾਵਣ ਨੂੰ ਦਿਲ ਨਹੀਂ ਕਰਦਾ।*
*ਸਜਣਾਂ ਦੇ ਵੇਹੜੇ ਅੰਦਰ, ਜਾਵਣ ਨੂੰ ਦਿਲ ਨਹੀਂ ਕਰਦਾ*
*ਅਮਰਤ ਦੇ ਘੁੱਟ ਲਬਾਂ ਤੇ, ਪੀਵਣ ਨੂੰ ਦਿਲ ਨਹੀਂ ਕਰਦਾ*
*ਮੇਰਾ ਗੁਲਾਮ ਜੀਵਨ, ਜੀਵਣ ਨੂੰ ਦਿਲ ਨਹੀਂ ਕਰਦਾ।*



**ਨੰਦ ਲਾਲ ਨੂਰਪੁਰੀ (1906-1966) ਪੰਜਾਬੀ ਜ਼ੁਬਾਨ ਦਾ ਉਹ ਸ਼ਾਹ ਅਸ਼ਵਾਰ ਸੀ ਜਿਸ ਨੇ ਜੀਵਨ ਦੀਆਂ ਕੌੜੀਆਂ ਹਕੀਕਤਾਂ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਸ਼ਬਦੀ ਜ਼ੁਬਾਨ ਦਿੱਤੀ।**

ਚਿੱਠੀ ਲਿਖ ਵਤਨਾ ਤੋਂ ਆਈ

- ਹਰਜੀਤ ਕੌਰ

# ਸੋਚ ਸੰਗ ਲੰਬੀ ਉਡਾਰੀ ਦੇ ਸਨਮੁੱਖ



ਇਹ ਗੱਲ ਸੱਚੀ ਹੈ ਕਿ ਜਿੰਨੀ ਤੁਹਾਡੀ ਲੰਬੀ ਉਡਾਰੀ ਹੋਵੇਗੀ ਉਨੀ ਤੁਹਾਡੀ ਸਮਝਦਾਰੀ ਵੀ ਤੇਜ਼ ਹੋਵੇਗੀ ਪਰ ਉਡਾਰੀ ਕਿਸ ਰੁਖ ਦਿਸ਼ਾ ਵੱਲ ਹੈ ਇਹ ਹਰੇਕ ਪੰਛੀ ਦੇ ਦ੍ਰਿਸ਼ਟੀਕੋਣ ਉਪਰ ਨਿਰਭਰ ਕਰਦਾ ਹੈ।ਜਦੋਂ ਕੋਈ ਪੰਛੀ ਪਰਵਾਸ ਕਰਦਾ ਹੈ ਉਸ ਦੇ ਕਿਸੇ ਨਾ ਕਿਸੇ ਕੋਨੇ ਵਿਚ ਇਹ ਅੱਗ ਜ਼ਰੂਰ ਹੋਵੇਗੀ ਕਿ ਉਹ ਜਿਸ ਪਾਸੇ ਵੱਲ ਨੂੰ ਉਡਾਰੀ ਭਰ ਰਿਹਾ ਹੈ ਉਹ ਉਸ ਦੇ ਸੁਪਨਿਆਂ ਨੂੰ ਸਾਕਾਰ ਕਰੇਗੀ।ਉਡਾਰੀ ਭਰਨ ਪਿਛੇ ਇਕ ਮਕਸਦ ਇਹ ਵੀ ਹੁੰਦਾ ਹੈ ਕਿ ਪੰਛੀ ਸੋਚਦਾ ਹੈ ਕਿ ਉਹ ਆਪਣਾ ਭੋਜਨ ਇਕੱਤਰ ਕਰੇਗਾ ਅਤੇ ਆਪਣੇ ਬਾਲਾਂ ਨੂੰ ਵਾਪਸ ਪਰਤਕੇ ਖੁਆਏਗਾ ਪ੍ਰੰਤੂ ਕਈ ਵਾਰੀ ਉਸ ਦੀ ਸਥਿਤੀ ਇਹ ਹੋ ਜਾਂਦੀ ਹੈ ਕਿ ਉਹ ਸਿਰਫ਼ ਆਪਣੇ ਭੋਜਨ ਤੱਕ ਹੀ ਮਹਿਦੂਦ ਹੋ ਜਾਂਦਾ ਹੈ।ਉਹ ਦੂਸਰਿਆਂ ਬਾਰੇ ਸੋਚਣਾ ਬੰਦ ਕਰ ਦਿੰਦਾ ਹੈ।ਇਤਿਹਾਸਕਾਰਾਂ ਅਨੁਸਾਰ ਮਨੁੱਖ ਹੀ ਇਕ ਅਜਿਹਾ ਜੀਵ ਹੈ ਜਿਹੜਾ ਸਥਿਤੀਆਂ ਨੂੰ ਸਮਝਦਾ ਹੈ ਅਤੇ ਉਨ੍ਹਾਂ ਨੂੰ ਤਬਦੀਲ ਕਰਨ ਦੀ ਚਾਹਨਾ ਰੱਖਦਾ ਹੈ ਜਿਸ ਵਿਚ ਉਹ ਕਦੀ-ਕਦਾਈਂ ਆਪਣਾ ਚੰਗਾ ਘਰ ਬਣਾ ਕੇ ਰਹਿਣ ਰਾਹੀਂ ਆਪਣੀ ਸਥਿਤੀ ਬਦਲ ਲੈਂਦਾ ਹੈ।ਕਈ ਵਾਰੀ ਉਹ ਆਪਣੇ ਪੈਸੇ ਰਾਹੀਂ ਆਪਣੀ ਪੁਜੀਸ਼ਨ ਅਤੇ ਅਹੁਦਾ ਬਦਲ ਲੈਂਦਾ ਹੈ ਅਤੇ ਕਈ ਵਾਰੀ ਉਹ ਆਪਣੀ ਸੋਝੀ ਰਾਹੀਂ ਸਥਿਤੀ ਬਦਲ ਲੈਂਦਾ ਹੈ। ਸਥਿਤੀ ਨੂੰ ਬਦਲਣਾ ਹੀ ਮਨੁੱਖ ਦਾ ਵਿਕਾਸ ਸਮਝਿਆ ਜਾਂਦਾ ਹੈ।ਜੇ ਪੁਰਾਤਨਮਈ ਸਥਿਤੀ ਹੀ ਅਜਿਹੀ ਬਣੀ ਰਹੀ ਹੈ ਤਾਂ ਸਮਝਿਆ ਜਾਂਦਾ ਹੈ ਕਿ ਮਨੁੱਖ ਸਥਿਤੀਆਂ ਅਤੇ ਪ੍ਰਸਥਿਤੀਆਂ ਅਨੁਸਾਰ ਢਲ ਗਿਆ ਹੈ। ਸ਼ਾਨਦਾਰ ਮਨੁੱਖ ਉਹ ਜੋ ਵਿਕਾਸ ਦੇ ਨਾਲ-ਨਾਲ ਆਪਣੇ ਆਪ ਨੂੰ ਵੀ ਤਬਦੀਲ ਕਰ ਲੈਂਦੇ ਹਨ ਅਤੇ ਆਲੇ ਦੁਆਲੇ ਨੂੰ ਵੀ ਤਬਦੀਲ ਕਰ ਦਿੰਦੇ ਹਨ।

ਕਈ ਵੇਰੀ ਸਭਿਆਚਾਰਕ ਤੌਰ 'ਤੇ ਵਿਕਸਿਤ ਹੋਏ ਅਤੇ ਅਵਿਕਸਿਤ ਰਹਿ ਗਏ ਪਛੜੇਵੇਂਪਣ ਦੇ ਪਹਿਲੂ ਮਨੁੱਖ ਦਾ ਖਹਿੜਾ ਨਹੀਂ ਛੱਡਦੇ। ਹਾਲਾਂਕਿ ਪ੍ਰਸਿੱਧ ਵਿਦਵਾਨ ਜਾਰਜ ਲੋਕਾਚ ਨੇ ਆਪਣੀ ਕਿਤਾਬ 'ਜਮਾਤ ਅਤੇ ਚੇਤਨਤਾ' ਵਿਚ ਲਿਖਿਆ ਹੈ ਕਿ ਜਦੋਂ ਮਨੁੱਖ ਦਾ ਕੁਦਰਤੀ ਸ਼ਕਤੀਆਂ ਨੂੰ ਸਮਝਣ ਦੇ ਪੱਧਰ 'ਤੇ ਵਿਕਾਸ ਹੋਇਆ ਤਾਂ ਉਸ ਨੇ ਵਿਗਿਆਨ ਦੀਆਂ ਖੋਜਾਂ ਨੂੰ ਇਸ ਵਿਚ ਸ਼ਾਮਲ ਕਰਕੇ ਪੈਦਾਵਾਰੀ ਢੰਗ ਤਰੀਕੇ ਇਸ ਹੱਦ ਤੱਕ ਪਹੁੰਚਾ ਦਿੱਤੇ ਕਿ ਭਵਿੱਖ ਵਿਚ ਕੋਈ ਵੀ ਮਨੁੱਖ ਗੈਰ ਵਿਗਿਆਨਕ ਢੰਗ ਤਰੀਕਿਆਂ ਦਾ ਧਾਰਨੀ ਨਹੀਂ ਰਹੇਗਾ। ਇਸ ਕਿਸਮ ਦੀ ਸਮਝਦਾਰੀ ਵਾਲੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਅਸੀਂ ਅੱਜ ਵੀ ਕੋਹਾਂ ਦੂਰ ਹਾਂ।ਮੈਂ ਕਈ ਵਾਰੀ ਸੋਚਦਾ ਹਾਂ ਕਿ ਸਾਡਾ ਪਿੰਡ ਜਾਤਾਂ, ਧਰਮਾਂ, ਮਜ਼੍ਹਬਾਂ, ਕਬੀਲਿਆਂ ਦੀ ਵੰਡ ਤੱਕ ਹੀ ਸੀਮਤ ਰਹੇਗਾ। ਹਰ ਕੋਈ ਆਪਣੇ ਜਾਤ, ਧਰਮ ਅਤੇ ਕਬੀਲੇ ਨੂੰ ਆਧਾਰ ਬਣਾ ਕੇ ਇਨ੍ਹਾਂ ਦਾ ਜਥੇਬੰਦਕ ਢਾਂਚਾ ਉਸਾਰ ਲਵੇਗਾ।ਇਸ ਕਿਸਮ ਦੀ ਪ੍ਰਵਿਰਤੀ ਨੇ ਹਰਿਆਣੇ ਨੂੰ ਖਾਪ ਪੰਚਾਇਤਾਂ ਦੇ ਰੂਪ ਵਿਚ ਵਿਕਸਿਤ ਕੀਤਾ ਹੋਇਆ ਹੈ। ਜਿਥੇ ਕੋਈ ਵੀ ਨਵੇਂ ਉਭਰ ਰਹੇ ਨੌਜਵਾਨ ਨੂੰ ਆਜ਼ਾਦੀ ਨਹੀਂ ਹੁੰਦੀ ਕਿ ਉਹ ਆਪਣੀ ਮਨਮਰਜ਼ੀ ਦਾ ਵਰ ਲੱਭ ਲਵੇ।ਉਸ ਦਾ ਕੀਤਾ ਕੋਈ ਵੀ ਫੈਸਲਾ ਸਥਾਪਤ ਪੰਚਾਇਤਮਈ ਢੰਗ ਲਈ ਚੁਣੌਤੀ ਹੋ ਸਕਦਾ ਹੈ। ਉਸ ਨੂੰ ਉਸ ਦੀ ਕੀਮਤ ਦੇਣੀ ਪੈ ਸਕਦੀ ਹੈ।ਇਸ ਕਿਸਮ ਦਾ ਵਰਤਾਰਾ ਹਰਿਆਣੇ ਵਿਚ ਕਾਫ਼ੀ ਵੱਡੀ ਪੱਧਰ 'ਤੇ ਵਾਪਰਿਆ ਹੈ।ਇਸ ਦੇ ਨਾਲ ਹੀ ਸਾਡੇ ਕਈ ਕਿਸਮ ਦੀਆਂ ਚੰਗੀਆਂ ਪ੍ਰੰਪਰਾਵਾਂ ਵਾਲੇ ਇਤਿਹਾਸ ਵਾਲੇ ਪੰਜਾਬ ਵਿਚ ਵੀ ਵੇਖਣ ਨੂੰ ਮਿਲ ਰਿਹਾ ਹੈ।ਉਸ ਦਾ ਰੂਪ ਜਾਤ, ਧਰਮ ਅਤੇ ਮਜ਼੍ਹਬ ਕੋਈ ਵੀ ਹੋ ਸਕਦਾ ਹੈ।ਹੁਣ ਪੰਜਾਬ ਦੇ ਪਿੰਡਾਂ ਵਿਚ ਸਾਂਝੀ ਕਲੱਬ, ਸਾਂਝਾ ਸਕੂਲ, ਸਾਂਝਾ ਸਭਿਆਚਾਰ ਨਹੀਂ ਰਿਹਾ। ਇਸ ਦੀ ਥਾਂ ਪਿੰਡ ਵਿਚ ਜਾਤ, ਧਰਮ ਅਤੇ ਮਜ਼੍ਹਬ ਉਪਰ ਆਧਾਰਤ ਜਥੇਬੰਦਕ ਢਾਂਚਿਆਂ ਨੇ ਲੈ ਲਿਆ ਹੈ। ਇੰਝ ਜਾਪਦਾ ਸੀ ਕਿ ਕਿੱਤਿਆਂ ਦੇ ਨਾਲ ਨਾਲ ਸਾਡੇ ਪੰਜਾਬੀਆਂ ਦੀ ਸਮਝਦਾਰੀ ਵਿਚ ਇਕ ਬੜੀ ਵੱਡੀ ਤਬਦੀਲੀ ਆਏਗੀ ਕਿ ਉਹ ਆਪਣੇ ਆਪ ਨੂੰ ਜਾਤੀ ਅਤੇ ਧਾਰਮਿਕ ਵਰਲਗਣਾ ਤੋਂ ਪਰ੍ਹੇ ਹੋ ਕੇ ਆਪਣੀ ਜਮਾਤ ਦੇ ਨਜ਼ਰੀਏ ਤੋਂ ਸਮਝਦਾਰੀ ਵਿਕਸਿਤ ਕਰਨਗੇ।ਪ੍ਰੰਤੂ ਉਨ੍ਹਾਂ ਨੇ ਵੀ ਆਪਣੇ ਪਿਛੋਕੜਾਂ ਨੂੰ ਕੇਂਦਰ ਵਿਚ ਰੱਖ ਕੇ ਜਾਤੀ ਅਤੇ ਧਾਰਮਿਕ ਕਿਸਮ ਦੇ ਆਪਣੇ ਜਥੇਬੰਦਕ ਢਾਂਚੇ ਖੜ੍ਹੇ ਕਰ ਲਏ ਹਨ।ਹੁਣ ਉਥੇ ਕਈ ਵਾਰੀ ਇੰਝ ਜਾਪਦਾ ਹੈ ਕਿ ਮਨੁੱਖ ਦੀ ਥਾਂ 'ਤੇ ਜੱਟ, ਬ੍ਰਾਹਮਣ, ਖੱਤਰੀ, ਤਰਖਾਣ ਅਤੇ ਇਥੋਂ ਤੱਕ ਦਲਿਤ ਵਰਗੇ ਸ਼ਬਦਾਂ ਨੇ ਉਨ੍ਹਾਂ ਨੂੰ ਘੇਰ ਲਿਆ ਹੈ। ਉਨ੍ਹਾਂ ਨੇ ਆਪਣੀ ਪਹਿਚਾਣ ਆਪਣੀ ਪੁਰਾਣੀ ਜਗੀਰਦਾਰੀ ਅਤੇ ਪਛੜੇਵੇਂ ਵਾਲੀ ਸੋਚ 'ਚੋਂ ਬਣਾ ਕੇ ਰੱਖੀ ਹੋਈ ਹੈ।ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਜਾਤੀ ਆਧਾਰ 'ਤੇ ਅਤੇ ਧਾਰਮਿਕ ਆਧਾਰ 'ਤੇ ਬਣੀਆਂ ਜਥੇਬੰਦਕ ਢਾਂਚੇ ਵਾਲੀਆਂ ਤਾਕਤਾਂ ਅਸਲ ਵਿਚ ਪੂੰਜੀ ਦੇ ਚਲਣ ਢੰਗ ਵਿਚ ਸਹਾਈ ਹੀ ਹੁੰਦੀਆਂ ਹਨ ਉਸ ਨੂੰ ਕਿਸੇ ਵੀ ਕਿਸਮ ਦੀ ਆਰਥਿਕ ਖੇਤਰ ਵਿਚ ਨੁਕਸਾਨ ਪਹੁੰਚਾਉਣ ਵਾਲੀ ਜਮਾਤ ਦੇ ਤੌਰ 'ਤੇ ਵਿਕਸਿਤ ਨਹੀਂ ਹੁੰਦੀਆਂ।

ਮੈਂ ਇਹ ਵੀ ਨਹੀਂ ਸੀ ਸੋਚਦਾ ਕਿ ਕਿਸਮਤ ਦਾ ਲੇਖਾ-ਜੋਖਾ ਕਰਨ ਵਾਲੇ ਜੋਤਿਸ਼ੀ ਮੇਰੇ ਪਰਵਾਸੀ ਭਰਾਵਾਂ ਦਾ ਹਿੱਸਾ ਕਦੀ ਵੀ ਨਹੀਂ ਹੋਣਗੇ।

ਇਹ ਸ਼ਾਇਦ ਮੇਰੇ ਹਿੱਸੇ ਹੀ ਆਏ ਹੋਏ ਹਨ ਪ੍ਰੰਤੂ ਜਿਸ ਕਿਸਮ ਨਾਲ ਜੋਤਿਸ਼ੀ ਵਿਗਿਆਨ ਅਤੇ ਤਕਨਾਲੋਜੀ ਦੇ ਕੇਂਦਰਾਂ ਵਿਚ ਬੈਠੇ ਪਰਵਾਸੀਆਂ ਨੂੰ ਉਨ੍ਹਾਂ ਦਾ ਭਵਿੱਖ ਕੀ ਹੈ ਅਤੇ ਉਨ੍ਹਾਂ ਲਈ ਕਿਹੜੀ ਮਹੀਨੇ ਸਾਜ਼ਗਾਰ ਹਨ ਅਤੇ ਕਿਹੜੇ ਸੰਕਟ ਭਰੇ ਹਨ, ਜਿਹੜੇ ਰਿਸ਼ਤੇ ਉਨ੍ਹਾਂ ਦੇ ਧੀਆਂ ਪੁੱਤਰਾਂ ਲਈ ਚੰਗੇ ਹਨ ਅਤੇ ਕਿਹੜੇ ਮਾੜੇ ਹਨ ਅਤੇ ਕਿਹੜੇ ਰਿਸ਼ਤੇ ਨੂੰ ਕਦੋਂ ਸੰਪਨ ਕਰਨਾ ਹੈ ਇਹ ਭਵਿੱਖਬਾਣੀਆਂ ਵਿਗਿਆਨ ਦੇ ਵਿਚ ਕੋਈ ਸਥਾਨ ਨਹੀਂ ਰੱਖਦੀਆਂ ਪ੍ਰੰਤੂ ਬੇਵਿਸ਼ਵਾਸੀ ਦੀ ਸਥਿਤੀ ਇਸ ਹੱਦ ਤੱਕ ਹੈ ਕਿ ਇਨ੍ਹਾਂ ਜੋਤਿਸ਼ੀਆਂ ਤੋਂ ਭਵਿੱਖ ਤੈਅ ਕਰਵਾਏ ਜਾ ਰਹੇ ਹਨ। ਮੈਨੂੰ ਕਦੀ ਇਹ ਵੀ ਨਹੀਂ ਸੀ ਜਾਪਿਆ ਕਿ ਪਰਵਾਸੀ ਭੈਣ-ਭਰਾਵਾਂ ਦੇ ਹਿੱਸੇ ਅਸਲ ਸਿੱਖੀ ਦੇ ਇਤਿਹਾਸ ਤੋਂ ਪਰ੍ਹੇ ਉਠ ਕੇ ਸਫ਼ਰ ਕਰ ਰਹੇ ਬਾਬਿਆਂ ਰਾਹੀਂ ਉਹ ਆਪਣੇ ਮਨ ਦੀ ਸੰਤੁਸ਼ਟੀ ਹਾਸਲ ਕਰਨਗੇ। ਬਾਬਿਆਂ ਦੀ ਲਗਾਤਾਰ ਤਬਦੀਲੀ ਅਤੇ ਵਿਦੇਸ਼ਾਂ ਵਿਚ ਵਹਾਅ ਇਸ ਗੱਲ ਦਾ ਸਬੂਤ ਹੈ ਕਿ ਸੋਚ ਅਤੇ ਸਮਝਦਾਰੀ ਦੇ ਪੱਧਰ 'ਤੇ ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਨੂੰ ਵਾਰ-ਵਾਰ ਆਪਣੀ ਸਮਝਦਾਰੀ ਪ੍ਰਚੰਡ ਕਰਨੀ ਹੋਵੇਗੀ। ਜੇ ਇਹੀ ਸਮਝਦਾਰੀ ਰਹਿੰਦੀ ਹੈ ਇਸ ਦਾ ਉਲਟ ਪ੍ਰਭਾਵ ਇਹ ਪੈਂਦਾ ਹੈ ਕਿ ਵਿਦੇਸ਼ੀ ਸਰਮਾਏ ਨਾਲ ਚਲਣ ਢੰਗ ਰਾਹੀਂ ਵਿਕਸਿਤ ਹੋਏ ਵਹਿਮ-ਭਰਮ ਮੁੜ ਪੰਜਾਬ ਦੀ ਤਾਕਤਵਰ ਅਤੇ ਜਰਖੇਜ ਭੌਂਅ ਨੂੰ ਹੋਰ ਖੂੰਡਾ ਕਰ ਰਹੇ ਹਨ। ਇਸ ਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਸਮੁੱਚੇ ਪੰਜਾਬ ਨੂੰ ਪੁਰਾਣੀਆਂ ਸੰਸਥਾਵਾਂ ਨੇ ਏਨਾ ਆਪਣੀ ਗ੍ਰਿਫ਼ਤ ਲੈ ਲਿਆ ਹੈ ਕਿ ਹਰੇਕ ਛੁੱਟੀ ਵਾਲੇ ਦਿਨ ਹਰ ਕੋਈ ਆਪਣੇ ਸਮੇਂ ਨੂੰ ਮਨ ਦੀ ਸ਼ਾਂਤੀ ਢੂੰਡਣ ਵਾਸਤੇ ਲਗਾ ਰਿਹਾ ਹੈ।

ਮਨੁੱਖ ਕੋਲ ਆਪਣੀ ਰੋਜ਼ੀ ਰੋਟੀ ਦੇ ਸਮੇਂ ਤੋਂ ਬਾਅਦ ਉਸ ਦਾ ਖੁਦ ਦਾ ਸਮਾਂ ਉਹ ਹੀ ਹੁੰਦਾ ਹੈ ਜਿਸ ਨੂੰ ਉਹ ਵਾਧੂ ਸਮਾਂ ਕਹਿ ਕੇ ਜਾਂ ਫਾਲਤੂ ਸਮਾਂ ਸਮਝ ਕੇ ਅਜਾਈਂ ਗਵਾ ਲੈਂਦਾ ਹੈ। ਬਹੁਤੇ ਪੰਜਾਬੀ ਤਾਂ ਇਸ ਸਮੇਂ ਨੂੰ ਸ਼ਰਾਬ ਤੇ ਸਬਾਬ ਰਾਹੀਂ ਖਤਮ ਕਰ ਦਿੰਦੇ ਹਨ। ਪ੍ਰਸਿੱਧ ਵਿਦਵਾਨ ਇਸਤਵਾਨ ਮੈਸਾਰੋਜ ਦਾ ਕਹਿਣਾ ਹੈ ਕਿ, "ਚੇਤਨ ਇਨਸਾਨਾਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਕੀਮਤੀ ਸਮੇਂ ਨੂੰ ਜੋ ਕਿ ਉਨ੍ਹਾਂ ਦਾ ਖੁਦ ਦਾ ਸਮਾਂ ਹੁੰਦਾ ਹੈ ਉਸ ਨੂੰ ਆਪਣੇ ਦਿਮਾਗ ਦੀ ਸਮਝਦਾਰੀ ਦੇ ਵਿਕਾਸ ਲਈ ਵਰਤੋਂ ਵਿਚ ਲਿਆਉਣਗੇ ਅਤੇ ਮਾਨਤਵਤਾ ਦੇ ਅੱਗੇ ਖੜ੍ਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਿਗਿਆਨਕ ਸੋਝੀ ਨਾਲ ਲੈਸ ਹੋਣਗੇ। ਅਸੀਂ ਕਿੰਨੇ ਖੁਸ਼ਕਿਸਮਤ ਹਾਂ ਕਿ ਦੁਨੀਆ ਦੀ ਤਕਨੀਕੀ ਤਰੱਕੀ ਨਾਲ ਗਿਆਨ ਦੇ ਨਵੇਂ ਭੰਡਾਰ ਖੋਲ੍ਹ ਦਿੱਤੇ ਹਨ ਜਿਨ੍ਹਾਂ ਰਾਹੀਂ ਲੈਸ ਹੋ ਕੇ ਮਨੁੱਖ ਭਵਿੱਖ ਦਾ ਨਿਰਮਾਣ ਕਰ ਸਕਦਾ ਹੈ।" ਇਨ੍ਹਾਂ ਲਾਈਨਾਂ ਨੂੰ ਪੜ੍ਹ ਕੇ ਪਤਾ ਨਹੀਂ ਸਾਨੂੰ ਆਪਣੇ ਆਪ 'ਤੇ ਤਰਸ ਆਵੇਗਾ ਜਾਂ ਗੁੱਸਾ ਆਵੇਗਾ ਕਿ ਅਸੀਂ ਆਪਣੇ ਰੋਸ਼ਨਮਈ ਸਮੇਂ ਨੂੰ ਇਕ ਖਪਤ ਮੰਡੀ ਦੇ ਸਮੇਂ ਵਿਚ ਤਬਦੀਲ ਕਰ ਰਹੇ ਹਾਂ। ਅਸਲ ਵਿਚ ਮੰਡੀ ਵੀ ਚਾਹੁੰਦੀ ਹੈ ਕਿ ਮਨੁੱਖ ਦਾ ਆਪਣਾ ਸਮਾਂ ਜਿਸ 'ਤੇ ਉਸ ਦੀ ਆਪਣੀ ਤਾਕਤ ਹੋਣੀ ਚਾਹੀਦੀ ਹੈ ਉਹ ਵੀ ਆਪਣੇ ਖਪਤੀ ਢੰਗਾਂ ਰਾਹੀਂ ਆਪਣੀ ਆਰਥਿਕਤਾ ਨੂੰ ਵੀ ਤਬਾਹ ਲੈਂਦਾ ਹੈ ਅਤੇ ਆਪਣੇ ਆਪ ਨੂੰ ਵੀ। ਇਸ ਕੰਮ ਲਈ ਸ਼ਾਇਦ ਪੰਜਾਬ ਸਭ ਤੋਂ ਪਹਿਲੇ ਸਥਾਨ 'ਚ ਵੀ ਆ ਰਿਹਾ ਹੈ ਜਿਸ ਨੂੰ ਪੰਜ-ਆਬਾਂ ਦੀ ਧਰਤੀ ਦੀ ਥਾਂ ਨਸ਼ਿਆਂ ਦੀ ਧਰਤੀ ਗਰਦਾਨਿਆਂ ਜਾ ਰਿਹਾ ਹੈ। ਨਸ਼ਿਆਂ ਦਾ ਦਰਿਆ ਪੰਜਾਬ ਦੀ ਆਰਥਿਕਤਾ ਨੂੰ ਰੋੜੀ ਜਾ ਰਿਹਾ ਹੈ। ਪਹਿਲਾਂ ਇਹ ਚੰਦ ਵਿਆਹ ਸ਼ਾਦੀਆਂ ਵਿਚ ਜਸ਼ਨ ਦਾ ਇਕ ਹਿੱਸਾ ਹੁੰਦਾ ਸੀ ਹੁਣ ਇਹ ਰੋਜ਼ਮਰਾ ਦਾ ਹਿੱਸਾ ਬਣ ਗਿਆ ਹੈ। ਇਸ ਕਿਸਮ ਦੀਆਂ ਹੋਰ ਕਈ ਅਲਾਮਤਾਂ ਪੰਜਾਬ ਦੇ ਭਵਿੱਖ ਨੂੰ ਖਾ ਰਹੀਆਂ ਹਨ। ਮੈਂ ਜਦੋਂ ਵਤਨ ਤੋਂ ਗਏ ਹਿੱਸਿਆਂ ਬਾਰੇ ਸੋਚਦਾ ਹਾਂ ਤਾਂ ਮੈਨੂੰ ਲਗਦਾ ਹੈ ਕਿ ਅੱਜ ਨਹੀਂ ਤਾਂ ਕੱਲ੍ਹ ਜ਼ਰੂਰ ਅਜਿਹੇ ਪੂਰ ਵਿਕਸਿਤ ਹੋਣਗੇ ਜੋ ਇਕ ਨਵੇਂ ਸਮਾਜ ਵਾਲੀ ਸੋਝੀ ਰੱਖਦੇ ਹੋਣਗੇ ਜਿਨ੍ਹਾਂ ਵਿਚ ਪੁਰਾਣੀ ਰਹਿੰਦ-ਖੂੰਹਦ ਵਾਲੀ ਬਿਮਾਰੀ ਨਹੀਂ ਹੋਵੇਗੀ ਬਲਕਿ ਉਹ ਅਜਿਹੇ ਇਨਸਾਨ ਹੋਣਗੇ ਜੋ ਮਜ਼੍ਹਬਾਂ, ਧਰਮਾਂ, ਜਾਤਾਂ ਅਤੇ ਇਲਾਕਿਆਂ ਤੋਂ ਕੋਹਾਂ ਦੂਰ ਹੋਣਗੇ।

ਪਰ ਕਈ ਵਾਰੀ ਜਦੋਂ ਵੱਖ-ਵੱਖ ਘਟਨਾਵਾਂ ਉਪਰ ਨਜ਼ਰ ਮਾਰੀ ਦੀ ਹੈ ਤਾਂ ਇੰਝ ਜਾਪਦਾ ਹੈ ਕਿ ਉਡਾਰੀ ਮਾਰਨ ਵਾਲੇ ਇਨ੍ਹਾਂ ਪੰਛੀਆਂ ਨੇ ਅਜੇ ਬਹੁਤ ਕੁਝ ਵਿਕਸਿਤ ਅਤੇ ਅਵਿਕਸਿਤ ਦਾ ਮੁਕਾਬਲਾ ਕਰਕੇ ਨਹੀਂ ਸਿੱਖਿਆ ਬਲਕਿ ਉਹੀ ਕਦਰਾਂ ਕੀਮਤਾਂ, ਉਹੀ ਮੁੱਲ ਅਤੇ ਉਹੀ ਵਿਚਾਰ ਜਿਹੜੇ ਕਿਸੇ ਨਾ ਕਿਸੇ ਰੂਪ ਵਿਚ ਪੁਰਾਤਨਮਈ ਪ੍ਰੰਪਰਾ ਦੀ ਜਕੜ ਨਾਲ ਸਬੰਧਤ ਹਨ ਉਹ ਉਨ੍ਹਾਂ ਦਾ ਹਿੱਸਾ ਬਣੇ ਹੋਏ ਹਨ ਪਰ ਕਈ ਵਾਰੀ ਕੁਝ ਨਾ ਕੁਝ ਅਜਿਹੀ ਹਵਾ ਵੀ ਪੁੰਘਰਦੀ ਮਹਿਸੂਸ ਹੁੰਦੀ ਹੈ ਜਿਹੜੀ ਕਿਸੇ ਨਾ ਕਿਸੇ ਰੂਪ ਵਿਚ ਰੌਸ਼ਨ ਭਵਿੱਖ ਦੀ ਜਾਮਨੀ ਬਣਦੀ ਹੈ ਕਿ ਕਿਰਤ ਕਰਨ ਵਾਲੇ ਨਵੀਂ ਪੀੜ੍ਹੀ ਦੇ ਮਾਲਕ ਵੱਖ-ਵੱਖ ਬੌਧਿਕ ਖੇਤਰਾਂ ਵਿਚ ਆਪਣਾ ਸਿੱਕਾ ਜਮਾਉਣ ਦੇ ਕਾਬਲ ਹੋਏ ਹਨ ਜਾਂ ਹੋ ਰਹੇ ਹਨ। ਜਿਹੜੇ ਆਧੁਨਿਕ ਦੁਨੀਆ ਦੇ ਮਸਲਿਆਂ ਨੂੰ ਬਹੁਤ ਬਾਰੀਕੀ ਨਾਲ ਦੇਖਦੇ ਹਨ। ਇਨ੍ਹਾਂ ਤੋਂ ਕੁਝ ਨਾ ਕੁਝ ਆਸ ਬੱਝਦੀ ਹੈ ਕਿ ਵਤਨ ਵੱਲ ਦੇਖਕੇ ਇਹ ਕਿਸੇ ਨਾ ਕਿਸੇ ਕਿਸਮ ਨਾਲ ਆਪਣਾ ਸੋਝੀ ਦਾ ਹਿੱਸਾ ਪੰਜਾਬੀ ਜਗਤ ਦੇ ਹਿੱਸੇ ਪਾਉਣਗੇ ਜਿਸ ਨਾਲ ਤਰਾਸਦੀਆਂ ਵਿਚੋਂ ਗੁਜ਼ਰ ਰਿਹਾ ਪੰਜਾਬ ਆਪਣੀ ਇਕ ਨਵੀਂ ਤੋਰ ਤੁਰਨ ਦੇ ਕਾਬਲ ਹੋ ਸਕੇਗਾ। ਇਸ ਕਿਸਮ ਦੇ ਬੌਧਿਕ ਵਿਚਾਰਾਂ ਦੀ ਆਸ ਨਾਲ ਤੁਹਾਡੇ ਰੂਬਰੂ ਹੋ ਰਿਹਾ ਹਾਂ।

ਸੋਚ ਜੋ ਲਗਾਤਾਰ ਆਪਣੀ ਹੋਣੀ ਨੂੰ ਬਦਲਦੀ ਹੈ
ਉਸ ਸੋਚ ਦੀ ਪਹਿਰੇਦਾਰੀ ਕਰਦਿਆਂ ਹੀ ਇਨਸਾਨ
ਆਪਣਾ ਇਤਿਹਾਸਮਈ ਕਾਰਜ ਕਰਨ ਦੇ ਕਾਬਲ
ਹੋਣ ਦੀ ਸਮਰੱਥਾ 'ਚੋਂ ਆਪਣੇ ਆਪ ਨੂੰ ਮਹਿਸੂਸ
ਕਰਦੇ ਹਨ।

ਇਨ੍ਹਾਂ ਵਿਚਾਰਾਂ ਦੀ ਰੌਸ਼ਨੀ ਨੂੰ ਹੋਰ ਪ੍ਰਫੁੱਲਤ ਕਰਨ ਹਿੱਤ ਆਸ ਦਾ ਇਕ ਦੀਵਾ ਬਾਲਣ ਦੀ ਲੋੜ ਹੈ।

ਤੁਹਾਡਾ ਆਪਣਾ
ਆਪਣੇ ਵਤਨ ਦਾ ਰਖਵਾਲਾ

**ਛੇਤੀ ਹੀ ਅਸੀਂ ਆਧੁਨਿਕ ਸਮਿਆਂ ਦੀ ਲੋੜ ਨੂੰ ਮੁੱਖ ਰੱਖਦਿਆਂ ਵੈਬਸਾਈਟ ਦੇ ਤੌਰ 'ਤੇ ਤੁਹਾਡੇ ਸਨਮੁੱਖ ਹੋਣ ਜਾ ਰਹੇ ਹਾਂ। ਉਮੀਦ ਹੈ ਇਨ੍ਹਾਂ ਕਦਮਾਂ ਵਿਚ ਤੁਹਾਡੀ ਹਿੱਸੇਦਾਰੀ ਸਾਡੇ ਲਈ ਇਕ ਨਵਾਂ ਹੁੰਗਾਰਾ ਅਤੇ ਉਤਸ਼ਾਹ ਭਰੇਗੀ।**

**-ਸੰਪਾਦਕੀ ਮੰਡਲ**

- ਹਰਬੰਸ ਸਿੰਘ

# ਵਿਸ਼ਵ ਪੱਧਰੀ ਸੰਕਟ ਦੇ ਅਹਿਮ ਪਹਿਲੂ




ਦੂਸਰੀ ਸੰਸਾਰ ਜੰਗ ਤੋਂ ਬਾਅਦ ਦੁਨੀਆ ਦੇ ਪੈਮਾਨੇ ’ਤੇ ਦੋ ਬਲਾਕ ਉਭਰਕੇ ਸਾਹਮਣੇ ਆਏ ਸਨ। ਇਕ ਜਿਸ ਦੀ ਨੁਮਾਇੰਦਗੀ ਸੋਵੀਅਤ ਯੂਨੀਅਨ ਕਰਦਾ ਸੀ ਤੇ ਦੂਸਰਾ ਜਿਸ ਦੀ ਨੁਮਾਇੰਦਗੀ ਅਮਰੀਕਾ ਦੇ ਹੱਥ ਸੀ। ਇਕ ਬਲਾਕ ਨੂੰ ਡਿਗਿਆਂ ਲਗਭਗ 20 ਵਰ੍ਹੇ ਹੋ ਗਏ ਹਨ। ਇਹ ਚਿਤਵਿਆ ਜਾ ਰਿਹਾ ਸੀ ਕਿ ਹੁਣ ਦੁਨੀਆ ਦੇ ਪੈਮਾਨੇ ’ਤੇ ਅਮਰੀਕਾ ਦੀ ਪ੍ਰਭੂ ਸੱਤਾ ਇਸ ਤਰ੍ਹਾਂ ਬਰਕਰਾਰ ਰਹੇਗੀ ਜਿਸ ਤਰ੍ਹਾਂ ਕਦੀ ਬਰਤਾਨਵੀ ਸਾਮਰਾਜ ਦੀ ਸੀ। ਜਿਨ੍ਹਾਂ ਦਾ ਦੁਨੀਆ ਦੇ ਕੋਨੇ ਤੋਂ ਕਦੀ ਵੀ ਸੂਰਜ ਛਿਪਦਾ ਨਹੀਂ ਸੀ। ਦੂਸਰੀ ਸੰਸਾਰ ਜੰਗ ਤੋਂ ਬਾਅਦ ਅਮਰੀਕਨ ਰਾਸ਼ਟਰਪਤੀ ਰੂਸਵੈਲਟ ਦੀ ਇਹ ਸਮਝਦਾਰੀ ਸੀ ਕਿ ਅਮਰੀਕਾ ਦੀ ਪ੍ਰਭੂ ਸੱਤਾ ਦੁਨੀਆ ਦੇ ਪੈਮਾਨੇ ’ਤੇ ਸਥਾਪਤ ਕਰਨਾ ਸਾਡਾ ਮੁੱਖ ਮਕਸਦ ਹੈ।ਉਸ ਸਮੇਂ ਦਾ ਉਲੇਖ ਕਰਦੇ ਹਾਂ ਡਿਪਲੋਮੇਟ ਇਤਿਹਾਸਕ ਜੈਫਰੀ ਵਰਨਰ ਦੀ ਸਮਝਦਾਰੀ ਸੀ ਕਿ ਦੂਸਰੀ ਸੰਸਾਰ ਜੰਗ ਤੋਂ ਬਾਅਦ ਬਹੁਤ ਵੱਡਾ ਦੁਨੀਆ ਦਾ ਖੇਤਰ ਜਿਸ ਵਿਚ ਪੱਛਮੀ ਹਿੱਸਾ, ਸਾਬਕਾ ਬਰਤਾਨੀਆ ਦੀਆਂ ਬਸਤੀਆਂ ਅਤੇ ਤੇਲ ਦੇ ਸਰੋਤਾਂ ਨਾਲ ਭਰਪੂਰ ਮੱਧ ਏਸ਼ੀਆ ਦਾ ਖਿੱਤਾ ਅਮਰੀਕਾ ਲਈ ਖਾਲੀ ਪਿਆ ਸੀ।ਇਸ ਸਮੇਂ ਅਮਰੀਕਾ ਦੀ ਮਿਲਟਰੀ ਅਤੇ ਆਰਥਿਕ ਤਾਕਤ ਅੱਗੇ ਕੋਈ ਵੀ ਸਵਾਲੀਆਚਿੰਨ੍ਹ ਨਹੀਂ ਸੀ।ਅਮਰੀਕਾ ਨੇ ਆਪਣੀ ਇਸ ਕਿਸਮ ਦੀ ਸਮਝਦਾਰੀ ਤਹਿਤ ਆਪਣੀ ਪ੍ਰਭੂ ਸੱਤਾ ਨੂੰ ਦੁਨੀਆ ਦੇ ਪੈਮਾਨੇ ’ਤੇ ਸਥਾਪਤ ਕਰਨ ਹਿੱਤ ਲਗਾਤਾਰ ਆਰਥਿਕ ਅਤੇ ਮਿਲਟਰੀ ਤਾਕਤ ਨੂੰ ਸਥਾਪਤ ਕਰਨ ਲਈ ਵਿਦੇਸ਼ ਨੀਤੀ ਤੈਅ ਕੀਤੀ। ਇਸ ਵਿਦੇਸ਼ ਨੀਤੀ ਤਹਿਤ ਦੁਨੀਆ ਦੇ ਹਰੇਕ ਕੋਨੇ ’ਤੇ ਜਿਥੇ ਵੀ ਉਨ੍ਹਾਂ ਨੂੰ ਕੋਈ ਅੜਿੱਕਾ ਨਜ਼ਰ ਆਇਆ ਜਾਂ ਤਾਂ ਉਸ ਨੂੰ ਮਿਲਟਰੀ ਤਾਕਤ ਨਾਲ ਨੱਪ ਦਿੱਤਾ ਗਿਆ ਜਾਂ ਫਿਰ ਉਸ ਮੁਲਕ ਦੀ ਆਰਥਿਕਤਾ ਜੰਗੀ ਸਮਾਨ ਖਰੀਦਣ ਵੱਲ ਨੂੰ ਸੇਧਕ ਕਰ ਦਿੱਤੀ। ਇਸ ਦੀ ਸਪਸ਼ਟ ਉਦਾਹਰਨ ਸੋਵੀਅਤ ਯੂਨੀਅਨ ਨੂੰ ਵੀ ਇਸ ਰਸਤੇ ’ਤੇ ਮੁਕਾਬਲੇ ਵਿਚ ਤੋਰ ਲਿਆ ਅਤੇ ਹੌਲੀ ਹੌਲੀ ਸੋਵੀਅਤ ਯੂਨੀਅਨ ਢਹਿ ਢੇਰੀ ਹੋ ਗਿਆ।ਲਗਾਤਾਰ ਅਮਰੀਕਾ ਨੇ ਆਪਣੀਆਂ ਨੀਤੀਆਂ ਨੂੰ ਇਸ ਕਦਰ ਜਾਰੀ ਰੱਖਿਆ ਕਿ ਕਿਸੇ ਨਾ ਕਿਸੇ ਰੂਪ ਵਿਚ ਮਿਲਟਰੀ ਅਤੇ ਆਰਥਿਕ ਤਾਕਤ ਨੂੰ ਦੁਨੀਆ ਵਿਚ ਸਥਾਪਤ ਕਰਕੇ ਰੱਖਿਆ ਜਾਵੇਗਾ ਪ੍ਰੰਤੂ ਇਸ ਦਾ ਜੋ ਨਤੀਜਾ ਅਮਰੀਕਾ ਚਾਹੁੰਦਾ ਸੀ ਕਿ ਇਸ ਨੀਤੀ ਤਹਿਤ ਉਨ੍ਹਾਂ ਦੀ ਘਰੇਲੂ ਆਰਥਿਕਤਾ ਤਾਕਤਵਰ ਹੋਵੇਗੀ ਅਤੇ ਉਨ੍ਹਾਂ ਦੇ ਦੁਬਾਰਾ ਬਣਾਏ ਜਾਂ ਚਲਾਏ ਜਾਂਦੇ ਦੁਨੀਆ ਦੇ ਸਿਆਸੀ ਅਦਾਰੇ ਵੀ ਵਿਸ਼ਵ ਪੱਧਰ ’ਤੇ ਸਥਾਪਤ ਹੋਣਗੇ। ਇਸ ਕਾਰਜ ਲਈ ਲਗਾਤਾਰ ਯੂ ਐਨ ਓ ਨੂੰ ਵੀ ਅਮਰੀਕਾ ਆਪਣੇ ਹਿੱਤਾਂ ਲਈ ਵਰਤਦਾ ਰਿਹਾ ਅਤੇ ਨਾਟੋ ਅਜਿਹਾ ਗਰੁੱਪ ਬਣ ਗਿਆ ਜਿਹੜਾ ਸਿੱਧੇ ਜਾਂ ਅਸਿੱਧੇ ਰੂਪ ਵਿਚ ਮਿਲਟਰੀ ਤਾਕਤ ਨੂੰ ਕਿਸੇ ਮੁਲਕ ਖਿਲਾਫ਼ ਵਰਤਣ ਦਾ ਸੰਦ ਬਣ ਗਿਆ ਹੈ। ਪਿਛਲੇ ਹੀ ਤਿੰਨ ਦਹਾਕਿਆਂ ’ਚ ਇਕ ਘਟਨਕ੍ਰਮ ਇਹ ਵੀ ਵਾਪਰਿਆ ਕਿ ਯੂਰਪ ਆਪਣੇ ਪੈਰਾਂ ’ਤੇ ਹੋ ਗਿਆ ਅਤੇ ਜਾਪਾਨ ਕੇਂਦਰਤ ਏਸ਼ੀਆ ਨੇ ਆਪਣੀ ਤਾਕਤ ਸਥਾਪਤ ਕਰ ਲਈ। ਕਿਸੇ ਨਾ ਕਿਸੇ ਪੱਧਰ ’ਤੇ ਚੀਨ ਅਤੇ ਭਾਰਤ ਨੇ ਵੀ ਆਪਣੇ ਆਪ ਨੂੰ ਮੁਕਾਬਲੇ ਉਪਰ ਖੜ੍ਹਾ ਕਰ ਲਿਆ। ਹਾਲਾਂਕਿ ਇਨ੍ਹਾਂ ਮੁਲਕਾਂ ਦੀਆਂ ਅੰਦਰੂਨੀ ਸਮੱਸਿਆਵਾਂ ਅਤੇ ਗਰੀਬੀ ਕਾਰਨ ਕਈ ਕਿਸਮ ਦੀਆਂ ਦਿੱਕਤਾਂ ਹਨ। ਕਈ ਵਾਰੀ ਇਹ ਧਾਰਨਾ ਸਥਾਪਤ ਕੀਤੀ ਜਾ ਰਹੀ ਹੈ ਕਿ ਅਮਰੀਕਾ ਦਾ ਮੁਕਾਬਲਾ ਕਰਨ ਲਈ ਚੀਨ ਇਕ ਤਾਕਤ ਦੇ ਤੌਰ ’ਤੇ ਉਭਰ ਆਇਆ ਹੈ। ਹਾਲਾਂਕਿ ਜਿਸ ਕਿਸਮ ਨਾਲ ਅਮਰੀਕਾ ਦੀਆਂ ਲਾਲਸਾਵਾਂ ਅਤੇ ਨੀਤੀਆਂ ਹਨ ਉਹ ਲਗਾਤਾਰ ਭਵਿੱਖ ਵਿਚ ਵੀ ਆਪਣਾ ਰੰਗ ਵਿਖਾਉਂਦੀਆਂ ਰਹਿਣਗੀਆਂ।ਕਿਉਂਕਿ ਬਹੁਤ ਵੱਡੇ ਘਰਾਣੇ ਜਿਹੜੇ ਲਗਾਤਾਰ ਕਿਸੇ ਨਾ ਕਿਸੇ ਰੂਪ ਵਿਚ ਦੁਨੀਆ ਦੇ ਪੈਮਾਨੇ ’ਤੇ ਛਾਏ ਹੋਏ ਹਨ। ਪ੍ਰਸਿੱਧ ਵਿਦਵਾਨ ਜੌਨ ਡੇਵੀ ਨੇ ਇਕ ਵਾਰੀ ਕਿਹਾ ਸੀ ਕਿ ਅਮਰੀਕਾ ਤੱਤ ਰੂਪ

**ਅਸੀਂ ਵੱਖ-ਵੱਖ ਨਸਲਾਂ, ਖਿੱਤਿਆਂ, ਕਿੱਤਿਆਂ, ਸਭਿਆਚਾਰਾਂ, ਜ਼ੁਬਾਨਾਂ ਵਾਲੇ ਅਜਿਹੇ ਮੋੜ 'ਤੇ ਖੜ੍ਹੇ ਹਾਂ ਕਿ ਜਿਥੋਂ ਅਗਾਂਹ ਵਧਣ ਲਈ ਸਾਨੂੰ ਇਕ ਨਵੇਂ ਰਸਤੇ ਉਪਰ ਇਕ ਵਿਚਾਰ, ਇਕ ਕਾਫ਼ਲਾ ਅਤੇ ਇਕ ਲਹਿਰ ਉਸਾਰਨੀ ਹੋਵੇਗੀ। ਇਤਿਹਾਸ ਸਾਥੋਂ ਜਵਾਬ ਮੰਗਦਾ ਹੈ। ਅਸੀਂ ਸੋਚਣਾ ਹੈ ਕਿ ਸਵਾਲ ਦਾ ਜਵਾਬ ਕਿਸ ਕਦਰ ਦੇ ਕੇ ਹਜ਼ਾਰਾਂ ਸਾਲਾਂ ਦੀ ਸਿਵਲਾਈਜ਼ੇਸ਼ਨ ਨੂੰ ਅਗਾਂਹ ਵਿਕਸਿਤ ਕਰ ਸਕਦੇ ਹਾਂ।**



ਵਿਚ ਉਹ ਸਮਾਜ ਹੈ ਜਿਹੜਾ ਵੱਡੇ ਘਰਾਣਿਆਂ ਦੇ ਛਾਏ ਹੇਠ ਚਲ ਰਿਹਾ ਹੈ।

ਸਥਿਤੀ ਦਾ ਇਕ ਪਹਿਲੂ ਜਿਹੜਾ ਲਗਾਤਾਰ ਅਮਰੀਕਾ ਦੇ ਘਰੇਲੂ ਹਾਲਾਤ ਨੂੰ ਵਿਗਾੜ ਰਿਹਾ ਹੈ ਉਹ ਉਥੋਂ ਦੀਆਂ ਸੇਵਾਵਾਂ ਜਿਨ੍ਹਾਂ ਵਿਚ ਸਿੱਖਿਆ, ਨੌਕਰੀ, ਸਿਹਤ ਸਹੂਲਤਾਂ ਅਤੇ ਪ੍ਰਦੂਸ਼ਣ ਰਹਿਤ ਸਮਾਜ ਵਰਗੇ ਮਸਲੇ ਹਨ। ਇਹ ਲਗਾਤਾਰ ਅਮਰੀਕਨਾਂ ਲਈ ਚਿੰਤਾ ਦਾ ਵਿਸ਼ਾ ਬਣੇ ਹੋਏ ਹਨ। ਪਿਛੇ ਜਿਹੇ ਕਰਾਏ ਗਏ ਇਕ ਸਰਵੇਖਣ ਮੁਤਾਬਕ ਬਹੁਗਿਣਤੀ ਲੋਕਾਂ ਦੀ ਧਾਰਨਾ ਸੀ ਕਿ ਅਮੀਰਾਂ 'ਤੇ ਟੈਕਸ ਲਾਏ ਜਾਣ ਅਤੇ ਲੋਕਾਂ ਨੂੰ ਵੱਧ ਰਾਹਤ ਟੈਕਸਾਂ ਤੋਂ ਦਿੱਤੀ ਜਾਵੇ। ਇਸੇ ਤਰ੍ਹਾਂ ਅਮਰੀਕਾ ਦੇ ਅੰਦਰ ਇਕ ਧਾਰਨਾ ਇਹ ਸਥਾਪਤ ਹੋ ਰਹੀ ਹੈ ਕਿ ਉਨ੍ਹਾਂ ਦੇ ਕੰਗਾਲੀਆਪਣ ਦਾ ਇਕ ਪਹਿਲੂ ਇਰਾਕ ਅਤੇ ਅਫ਼ਗਾਨਿਸਤਾਨ 'ਤੇ ਹਮਲਾ ਕਰਨਾ ਹੈ ਜਿਸ ਨਾਲ 4.4 ਟਿਰੀਲੀਅਨ ਡਾਲਰ ਅਮਰੀਕਾ ਦੇ ਖਰਚ ਹੋਏ ਹਨ। ਸਥਿਤੀ ਦਾ ਨਿਰਾਸ਼ਾਜਨਕ ਪਹਿਲੂ ਇਹ ਹੈ ਕਿ ਅਮਰੀਕਾ ਨੇ ਆਪਣੇ ਮਿਲਟਰੀ ਖਰਚਿਆਂ 2011 ਵਿਚ ਜੋ ਬਜਟ ਰੱਖਿਆ ਹੈ ਉਹ ਲਗਭਗ ਸਮੁੱਚੀ ਦੁਨੀਆ ਦੇ ਮਿਲਟਰੀ ਖਰਚਿਆਂ ਦੇ ਬਰਾਬਰ ਹੈ। ਇਸ ਨਾਲ ਅਮਰੀਕਾ ਲਗਾਤਾਰ ਇਕ ਕਿਸਮ ਦੇ ਸੰਕਟ ਦਰ ਸੰਕਟ ਵਿਚ ਘਿਰਦਾ ਜਾ ਰਿਹਾ ਹੈ। ਉਨ੍ਹਾਂ ਦੀ ਕਰਜ਼ਾਗ੍ਰਸਤ ਆਰਥਿਕਤਾ ਲੰਬੇ ਸਮੇਂ ਤੋਂ ਬਰਕਰਾਰ ਹੈ। ਬੇਰੁਜ਼ਗਾਰੀ ਦਾ ਟਾਈਮ ਅਮਰੀਕਨਾਂ ਨੂੰ ਲਗਾਤਾਰ ਸਤਾ ਰਿਹਾ ਹੈ। ਤੱਤ ਰੂਪ ਵਿਚ ਅਮਰੀਕਾ ਆਪਣੀ ਪਿਛਲੇ ਦੂਸਰੀ ਸੰਸਾਰ ਜੰਗ ਤੋਂ ਬਾਅਦ ਦੇ ਸੋਚਣ ਢੰਗ ਵਿਚ ਕੋਈ ਵੀ ਤਬਦੀਲੀ ਨਹੀਂ ਲੈ ਕੇ ਆ ਰਿਹਾ। ਹਾਲਾਂਕਿ ਅਮਰੀਕਾ ਦੇ ਆਪਣੇ ਗੁਆਂਢੀ ਖਿੱਤੇ ਲਾਤੀਨੀ ਅਮਰੀਕਾ ਇਨ੍ਹਾਂ ਨੀਤੀਆਂ ਕਰਕੇ ਹੀ ਉਨ੍ਹਾਂ ਦੇ ਸਿਕੰਜ਼ੇ ਵਿਚੋਂ ਬਾਹਰ ਹੋ ਗਿਆ ਹੈ। ਲਗਾਤਾਰ ਅਮਰੀਕਾ ਦੇ ਵਿਰੋਧ ਵਿਚ ਕਈ ਖਿੱਤਿਆਂ ਵਿਚ ਵਿਸ਼ੇਸ਼ ਕਰਕੇ ਅਰਬ ਮੁਲਕਾਂ ਵਿਚ ਰੈਡੀਕਲ ਰਾਸ਼ਟਰਵਾਦ ਦਾ ਉਭਾਰ ਵੀ ਇਸ ਦਾ ਨਤੀਜਾ ਹੈ।

ਸਮੁੱਚੀ ਵਿਸ਼ਵ ਦੁਨੀਆ ਜਿਸ ਸਥਿਤੀ ਉਪਰ ਖੜ੍ਹੀ ਹੈ ਵੱਖ ਵੱਖ ਮੁਲਕਾਂ ਵਿਚ ਆਪੋ-ਆਪਣੇ ਕਿਸਮ ਨਾਲ ਲੋਕ ਮੁਕਤ ਬਾਜ਼ਾਰ ਦੇ ਮਾਡਲ ਤੋਂ ਅਤੇ ਵਿਸ਼ਵ ਪੂੰਜੀਵਾਦੀ ਪ੍ਰਬੰਧ ਦੇ ਚੱਲਣ ਢੰਗ ਤੋਂ ਉਕਤਾ ਰਹੇ ਹਨ। ਉਹ ਆਪੋ-ਆਪਣੇ ਢੰਗਾਂ ਨਾਲ ਬਦਲਵੇਂ ਮਾਡਲਾਂ ਦੀ ਤਲਾਸ਼ ਵਿਚ ਹਨ। ਇਥੋਂ ਤੱਕ ਕਿ ਵਿਕਸਿਤ ਦੇਸ਼ ਜਿਨ੍ਹਾਂ ਵਿਚ ਯੂਰਪ ਤੋਂ ਲੈ ਕੇ ਕੈਨੇਡਾ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਤੱਕ ਇਹ ਧਾਰਨਾ ਸਥਾਪਤ ਹੁੰਦੀ ਜਾ ਰਹੀ ਹੈ ਕਿ ਲੋਕਾਂ ਦੀਆਂ ਬੁਨਿਆਦੀ ਸਹੂਲਤਾਂ ਅਤੇ ਮਸਲਿਆਂ ਦਾ ਹੱਲ ਕਾਰਪੋਰੇਟ ਸੈਕਟਰ ਕੋਲ ਨਹੀਂ ਹੈ। ਹਾਲਾਂਕਿ ਇਨ੍ਹਾਂ ਮੁਲਕਾਂ ਦੀਆਂ ਸਰਕਾਰਾਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਕਾਰਪੋਰੇਟ ਘਰਾਣਿਆਂ ਦੇ ਸਹਾਰੇ ਨਾਲ ਚਲ ਰਹੀਆਂ ਹਨ ਜਾਂ ਉਨ੍ਹਾਂ ਦੇ ਨੀਤੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਰਜ ਕਰ ਰਹੀਆਂ ਹਨ। ਇਸੇ ਤਰ੍ਹਾਂ ਅਰਬ ਮੁਲਕਾਂ ਵਿਚ ਜਿਸ ਕਿਸਮ ਨਾਲ ਪੁਰਾਣੇ ਪ੍ਰਬੰਧ ਸਥਾਪਤ ਹੋਏ ਪਏ ਸਨ ਉਨ੍ਹਾਂ ਦੇ ਖਿਲਾਫ਼ ਰੋਹ ਲਗਾਤਾਰ ਪਣਪਣ ਰਿਹਾ ਹੈ। ਏਸ਼ੀਆ ਦਾ ਖਿੱਤਾ ਵੀ ਕਿਸੇ ਨਾ ਕਿਸੇ ਰੂਪ ਵਿਚ ਕਰਵਟ ਲੈ ਰਿਹਾ ਹੈ। ਲਾਤੀਨੀ ਅਮਰੀਕਾ ਤਾਂ ਪਹਿਲਾਂ ਹੀ ਇਕ ਨਵੇਂ ਸੰਸਾਰ ਦੀ ਸਿਰਜਣਾ ਵੱਲ ਨੂੰ ਕਦਮ ਪੁੱਟ ਚੁੱਕਾ ਹੈ। ਅਜਿਹੀ ਦੁਨੀਆ ਦੀ ਸੰਰਚਨਾ ਨੂੰ ਸਹੀ ਸੰਦਰਭ ਵਿਚ ਸਮਝਣ ਲਈ ਅਤੇ ਇਕ ਬਦਲਵਾਂ ਆਰਥਿਕ ਮਾਡਲ ਵਿਕਸਿਤ ਕਰਨ ਲਈ ਇਤਿਹਾਸ ਉਪਰ ਮੁੜ ਗੌਰ ਕਰਨ ਦੀ ਜ਼ਰੂਰਤ ਹੈ ਜਿਹੜਾ ਕਦੀ ਮਾਰਕਸ ਦੇ ਸੁਪਨਿਆਂ ਵਿਚ ਸੀ ਕਿ ਕਿਰਤ ਕਰਨ ਵਾਲਿਆਂ ਦੀ ਤਾਕਤ ਜਥੇਬੰਦ ਕਰਕੇ ਉਨ੍ਹਾਂ ਨੂੰ ਸਰਮਾਏ ਨੂੰ ਚਲਾਉਣ ਦੇ ਢੰਗ ਇਜਾਤ ਕਰਨ ਦੀ ਜ਼ਰੂਰਤ ਹੈ। ਇਹ ਸਿਰਫ਼ ਲੋਕਾਂ ਦੇ ਰੋਜ਼ਮਰਾ ਦੇ ਜੀਵਨ ਨਾਲ ਸੰਬੰਧਤ ਮਸਲਿਆਂ ਨੂੰ ਜੋੜ ਕੇ ਜਥੇਬੰਦਕ ਹੋ ਕੇ ਸੰਘਰਸ਼ਾਂ ਦੇ ਰਾਹ 'ਤੇ ਵਿਕਸਿਤ ਕਰਨ ਨਾਲ ਹੀ ਸੰਭਵ ਹੈ। ਜੇ ਇਸ ਦਿਸ਼ਾ ਵਿਚ ਦੁਨੀਆ ਦੇ ਕੋਨਿਆਂ ਨੇ ਕਰਵਟ ਨਾ ਲਈ ਤਾਂ ਆਰਥਿਕ ਮੰਦਵਾੜਿਆਂ 'ਚੋਂ ਅਮਰੀਕਨ ਸਾਮਰਾਜ ਮੁੜ ਉਭਰਨ ਦੀ ਸਮਰਥਾ ਹਾਸਲ ਕਰ ਲਵੇਗਾ। ਇਸ ਨੂੰ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਵੱਧ ਵਿਚਾਰਨ ਦੀ ਲੋੜ ਹੈ। ਹਾਲਾਂਕਿ ਆਰਥਿਕ ਮੰਦਵਾੜੇ ਲਗਾਤਾਰ ਰਾਜਨੀਤੀਵਾਨਾਂ ਦੀ ਨੀਂਦ ਹਰਾਮ ਕਰ ਰਹੇ ਹਨ ਪ੍ਰੰਤੂ ਇਕ ਬਦਲਵਾਂ ਕੋਈ ਵੀ ਪ੍ਰਬੰਧ ਤੱਤ ਰੂਪ ਵਿਚ ਸਾਹਮਣੇ ਨਾ ਆਉਣ ਕਰਕੇ ਅਤੇ ਪੂੰਜੀ ਦੇ ਰਸਤਿਆਂ ਰਾਹੀਂ ਹੋਏ ਵਿਕਾਸ ਦੇ ਮਾਡਲਾਂ ਵਿਚ ਮੰਡੀ ਦੀਆਂ ਕਦਰਾਂ ਕੀਮਤਾਂ, ਸੰਸਥਾਵਾਂ ਅਤੇ ਵਿਚਾਰਾਂ ਦੀ ਭਰਮਾਰ ਬਰਕਰਾਰ ਹੈ। ਸੋ, ਇਸ ਸਥਿਤੀ ਨੂੰ ਕਈ ਪਹਿਲੂਆਂ ਤੋਂ ਵਿਚਾਰਨ ਹਿੱਤ ਹੋਰ ਚਰਚਾ ਜਾਰੀ ਰਹਿਣ ਦੀ ਵਕਾਲਤ ਕਰਦੇ ਹਾਂ।

• • •

# ਆਓ ਜ਼ਰਾ ਸਹੀ ਸੰਦਰਭ ਵਿਚ ਸੋਚੀਏ

- ਦੁਨੀਆ ਦੇ ਪੈਮਾਨੇ ’ਤੇ ਵਾਪਰ ਰਹੇ ਘਟਨਾਕ੍ਰਮ ਨੂੰ ਸਹੀ ਸੰਦਰਭ ਵਿਚ ਸਮਝੀਏ ਜਿਸ ਨਾਲ ਮਨੁੱਖੀ ਜੀਵਨ ਖ਼ੂਬਸੂਰਤ ਹੋ ਸਕੇ।
- ਆਪਣੇ ਸਮਾਜ ਜਿਸ ਵਿਚ ਅਸੀਂ ਵਿਚਰ ਰਹੇ ਹਾਂ ਉਸ ਵਿਚਲੇ ਟਕਰਾਵਾਂ ਨੂੰ ਸਮਝੀਏ ਅਤੇ ਉਨ੍ਹਾਂ ਨੂੰ ਘਟਾਉਣ ਅਤੇ ਬਦਲਣ ਵਿਚ ਆਪਣਾ ਯੋਗਦਾਨ ਪਾਈਏ।
- ਮਾਨਵੀ ਗਿਆਨ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਮਨੁੱਖ ਦੇ ਬਹੁਪੱਖੀ ਵਿਕਾਸ ਨੂੰ ਪ੍ਰਚੰਡ ਕਰਦਾ ਹੈ ਜਿਸ ਨਾਲ ਉਸ ਦੀ ਸੋਝੀ ਵਿਚ ਸਮਾਜ ਪ੍ਰਤੀ ਕੁਝ ਕਰਨ ਦੀ ਭਾਵਨਾ ਵਿਕਸਿਤ ਹੁੰਦੀ ਹੈ।
- ਆਪਣੇ ਅਤੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁਚਾਰੂ ਬਣਾਉਣ ਲਈ ਮਿਲੀਆਂ ਸਹੂਲਤਾਂ ਪ੍ਰਤੀ ਚੇਤਨ ਹੋਈਏ ਅਤੇ ਉਨ੍ਹਾਂ ਨੂੰ ਬਰਕਰਾਰ ਰੱਖਣ ਲਈ ਪਹਿਰੇਦਾਰੀ ਕਰੀਏ।
- ਸਮੇਂ ਸਮੇਂ ’ਤੇ ਵਾਪਰਦੀਆਂ ਘਟਨਾਵਾਂ ਉਪਰ ਆਪਣੀ ਆਵਾਜ਼, ਕਲਮ ਅਤੇ ਸੋਚ ਨੂੰ ਪ੍ਰਚੰਡ ਕਰੀਏ ਅਤੇ ਜਨ ਸਮੂਹ ਨੂੰ ਜਥੇਬੰਦਕ ਕਰਨ ਵਿਚ ਆਪਣੀ ਜ਼ਿੰਮੇਵਾਰੀ ਓਟੀਏ।
- ਆਪਣੀ ਸੋਝੀ ਨੂੰ ਪ੍ਰਚੰਡ ਕਰਨ ਲਈ ਕਿਸੇ ਨਾ ਕਿਸੇ ਸੰਘਰਸ਼ ਦਾ ਹਿੱਸਾ ਬਣੀਏ ਅਤੇ ਆਪਣੀ ਨੇਕ ਕਮਾਈ ਵਿਚੋਂ ਉਸ ਵਿਚ ਆਪਣਾ ਯੋਗਦਾਨ ਪਾਈਏ ਅਤੇ ਇਸ ਨੂੰ ਇਕ ਨਵੇਂ ਰੌਸ਼ਨ ਭਵਿੱਖ ਲਈ ਕਾਰਜ ਕਰਨ ਵਿਚ ਆਪਣਾ ਹਿੱਸਾ ਸਮਝੀਏ।
- ਖ਼ੂਬਸੂਰਤ ਵਕਤ ਨੂੰ ਅਜਾਈਂ ਗਵਾਉਣ ਦੀ ਥਾਂ ਕਿਸੇ ਸ਼ਾਨਦਾਰ ਕਾਰਜ ਦੇ ਲੇਖੇ ਲਾਈਏ।

ਰਜਿਸਟ੍ਰੇਸ਼ਨ ਨੰਬਰ 210836300

# ਲੋਕ ਪੱਖੀ ਆਰਟਸ ਪ੍ਰੋਜੈਕਟ ਮੀਡੀਆ

## ਕੀ ਚਾਹੁੰਦਾ ਹੈ

ਸਾਡੀ ਦਿਲੀ ਇੱਛਾ ਹੈ ਕਿ ਪੰਜਾਬੀ ਜਗਤ ਵਿਚੋਂ ਪਰਵਾਸ ਕਰਕੇ ਦੁਨੀਆ ਦੇ ਕੋਨਿਆਂ ’ਤੇ ਆਪਣੀ ਕਿਰਤ ਕਮਾਈ ਨਾਲ ਸ਼ਾਨਦਾਰ ਭਵਿੱਖ ਦਾ ਸੁਪਨਾ ਲੈ ਕੇ ਨਿਕਲੇ ਪੰਜਾਬੀ ਇਤਿਹਾਸ ਵਿਚ ਆਪਣਾ ਸ਼ਾਨਦਾਰ ਯੋਗਦਾਨ ਪਾਉਣ ਦੇ ਸਮਰਥ ਹੋਣ। ਉਨ੍ਹਾਂ ਦੀ ਬੌਧਿਕ ਲਿਆਕਤ, ਸਮਝਦਾਰੀ, ਕਲਾਮਈ ਸੋਚ, ਪ੍ਰੰਪਰਾਮਈ ਸ਼ਾਨਦਾਰ ਰਵਾਇਤਾਂ, ਇਤਿਹਾਸ ਦੇ ਸੁਨਹਿਰੀ ਪੰਨੇ, ਕੁਝ ਸ਼ਾਨਦਾਰ ਕਰਨ ਦੀ ਤਮੰਨਾ, ਨਵੇਂ ਸੰਗ ਭਿੜਣ ਦੀ ਜਾਚ, ਅਗਾਂਹਵਧੂ ਸੋਚ ਅਤੇ ਸੁਪਨਮਈ ਉਡਾਰੀ ਉਨ੍ਹਾਂ ਦੇ ਰੰਗਾਂ ਨੂੰ ਹੋਰ ਨਿਖਾਰੇ। ਇਸ ਕਿਸਮ ਦੀ ਸਮਝਦਾਰੀ ਨੂੰ ਵਿਕਸਿਤ ਕਰਨ ਹਿੱਤ ਸਾਡਾ ਅਦਾਰਾ ਤੁਹਾਡੇ ਲਈ ਸਦਾ ਹਾਜ਼ਰ ਹੈ। ਤੁਹਾਡੀ ਮੁੱਲਵਾਨ ਰਾਇ ਅਤੇ ਵਿਚਾਰ ਸਾਡੇ ਸਰਮਾਏ ਦਾ ਹਿੱਸਾ ਬਣਨਗੀਆਂ ਅਤੇ ਸਾਡੇ ਵਿਚਾਰਾਂ ਨੂੰ ਤਰਾਸ਼ਣ ਵਿਚ ਆਪਣਾ ਯੋਗਦਾਨ ਪਾਉਣਗੀਆਂ। ਇਸ ਆਸ ਦੀ ਪੂਰਤੀ ਸੰਗ ਅਸੀਂ ਤੁਹਾਡੇ ਸਨਮੁਖ ਹਾਜ਼ਰ ਹੁੰਦੇ ਹਾਂ, ਉਮੀਦ ਹੈ ਕਿ ਤੁਸੀਂ ਸਾਡੀ ਹਾਜ਼ਰੀ ਆਪਣੇ ਦਿਲਾਂ ’ਤੇ ਜ਼ਰੂਰ ਦਰਜ ਕਰਦੇ ਹੋਵੋਗੇ ਅਤੇ ਸਾਨੂੰ ਹਮੇਸ਼ਾ ਆਪਣੇ ਅੰਗ ਸੰਗ ਸਮਝਦੇ ਹੋਵੋਗੇ। ਇਹੀ ਅਸੀਂ ਚਾਹੁੰਦੇ ਹਾਂ।

**Pro-People Arts Project Media Group**

416-902-9372, 416-817-7142

416-895-4100 E-Mail : ppapmg@gmail.com